# ਗੁਰਬਾਣੀ ਦਾ ਸ਼ੁਧ ਉਚਾਰਣ

ਔਰੰਗਜ਼ੇਬ ਦੇ ਬੁਲਾਵੇ 'ਤੇ ਸ੍ਰੀ ਹਰ ਰਾਏ ਸਾਹਿਬ ਜੀ ਦੇ ਵੱਡੇ ਪੁਤਰ ਬਾਬਾ ਰਾਮ ਰਾਇ ਜੀ ਉਸਦੇ ਦਰਬਾਰ ਵਿਚ ਖਾਸ ਮਹਿਮਾਨ ਬਣ ਕੇ ਪਹੁੰਚੇ।ਬਾਬਾ ਜੀ ਦੀਆਂ ਆਤਮਿਕ ਸ਼ਕਤੀਆਂ ਤੋਂ ਔਰੰਗਜ਼ੇਬ ਬੜਾ ਪ੍ਰਭਾਵਿਤ ਹੋਇਆ,ਪਰ ਦਰਬਾਰ ਦੇ ਕਾਜੀਆਂ ਮੌਲਾਣਿਆਂ ਨੂੰ ਇਹ ਗਲ ਚੁੱਭਣ ਲਗੀ।ਈਰਖਾਲੂ ਕਾਜ਼ੀਆਂ ਦੇ ਕਹਿਣ ਉਤੇ ਔਰੰਗਜ਼ੇਬ ਨੇ ਬਾਬਾ ਰਾਮ ਰਾਇ ਜੀ ਕੋਲੋਂ ਪੁਛਿਆ ਕਿ ਗੁਰਬਾਣੀ ਵਿਚ 'ਮਿੱਟੀ ਮੁਸਲਮਾਨ ਕੀ ਪੇੜੇ ਪਈ ਕੁਮਿਆਰ' ਲਿਖਿਆ ਹੋਇਆ ਹੈ।ਇਸ ਵਿਚ ਮੁਸਲਮਾਨਾਂ ਦੀ ਨਿੰਦਿਆ ਕੀਤੀ ਹੋਈ ਹੈ ਤਾਂ ਜੁਆਬ ਵਿਚ ਬਾਬਾ ਰਾਮ ਰਾਇ ਨੇ ਔਰੰਗਜ਼ੇਬ ਨੂੰ ਖੁਸ਼ ਕਰਨ ਲਈ ਕਹਿ ਦਿਤਾ ਕਿ ਸ੍ਰੀ ਗੁਰੂ ਨਾਨਾਕ ਦੇਵ ਜੀ ਨੇ 'ਮਿੱਟੀ ਬੇਈਮਾਨ ਕੀ' ਦਾ ਉਚਾਰਣ ਕੀਤਾ ਹੋਇਆ ਹੈ ਪਰ ਲਖਾਰੀਆਂ ਨੇ ਗਲਤੀ ਨਾਲ 'ਮਿਟੀ ਮੁਸਲਮਾਨ ਕੀ 'ਲਿਖ ਦਿੱਤਾ।ਜਦੋਂ ਇਸ ਗਲ ਦਾ ਖਬਰ ਸ੍ਰੀ ਹਰ ਰਇ ਸਾਹਿਬ ਜੀ ਖਬਰ ਕੋਲ ਪਹੁੰਚੀ ਤਾਂ ਉਨ੍ਹਾਂ ਨੇ ਧੁਰ ਕੀ ਬਾਣੀ ਵਿਚ ਹੇਰਾ ਫੇਰੀ ਕਰਨ ਦਾ ਐਨਾ ਬੁਰਾ ਮਨਾਇਆ ਕਿ ਸਖਤ ਸਜ਼ਾ ਸੁਣਾਉਂਦਿਆ ਬਾਬਾ ਰਾਮ ਰਾਇ ਨੂੰ ਸੁਨੇਹਾ ਭੇਜਿਆ ਕਿ ਔਰੰਗਜ਼ੇਬ ਨੂੰ ਖੁਸ਼ ਕਰਨ ਲਈ ਸ੍ਰੀ ਗੁਰੂ ਨਾਨਾਕ ਦੇਵ ਜੀ ਦੀ ਬਾਣੀ ਵਿਚ ਦਖਲ ਅੰਦਾਜ਼ੀ ਕਰਕੇ ਉਸਨੇ ਭਾਰੀ ਭੁਲ ਕੀਤੀ ਹੈ,ਜਿਹੜੀ ਕਿ ਕਦੀ ਮੁਆਫ ਨਹੀਂ ਕੀਤੀ ਜਾ ਸਕਦੀ,ਇਸ ਲਈ ਹੁਣ ਗੁਰੂ ਘਰ ਵਿਚ ਉਸ ਲਈ ਕੋਈ ਥਾਂ ਨਹੀਂ ਹੈ।ਇਸੇ ਗਲਤੀ ਕਾਰਨ ਹੀ ਰਾਮ ਰਾਏ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਨਿਰੰਕਾਰੀ ਜੋਤ ਵਾਲੀ ਗੁਰਗੱਦੀ ਦਾ ਹਕ ਦਾਰ ਹੁੰਦਿਆਂ ਹੋਇਆ ਵੀ ਗੁਰ ਗਦੀ ਉਤੇ ਬਿਰਾਜ ਮਾਨ ਨਹੀਂ ਕੀਤਾ ਤੇ ਛੋਟੇ ਸਾਹਿਬਜ਼ਾਦੇ ਸ੍ਰੀ ਹਰਿ ਕ੍ਰਿਸ਼ਨ ਸਾਹਿਬ ਜੀ ਨੂੰ ਅਠਵੇਂ ਪਾਤਿਸ਼ਾਹ ਦੇ ਸਰੂਪ ਵਿਚ ਪ੍ਰਗਟ ਕੀਤਾ।

ਬੜੇ ਦੁੱਖ ਦੀ ਗਲ ਹੈ ਕਿ ਅਜ ਉਸੇ ਨਿਰੰਕਾਰੀ ਬਾਣੀ ਵਿਚ ਦਖਲ ਅੰਦਾਜ਼ੀ ਕਰਨ ਦੀ ਇਕ ਐਸੀ ਹਨੇਰੀ ਝੁੱਲੀ ਹੋਈ ਹੈ ਕਿ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੂਲ ਸਰੂਪ ਦੇ ਬਚਾਓ ਲਈ ਸਿਰ ਉਤੇ ਖਤਰਾ ਮੰਡਲਾ ਰਿਹਾ ਹੈ।

ਟੋਰਾਂਟੋ ਦੇ ਇਕ ਗੁਰਦੁਆਰੇ ਵਿਚ ਹੇਠ ਲਿਖੇ ਸ਼ਬਦ ਦਾ ਕੀਰਤਨ ਹੋ ਰਿਹਾ ਸੀ,

ਤੀਨਿ ਸੇਰ ਦਿਹਾੜੀ ਕਾ ਮਿਹਮਾਨੁ
ਅਵਰ ਵਸਤੁ ਤੁਝ ਪਾਹਿ ਅਮਾਨ

(ਪੰਨਾ ੩੭੪)

ਪੁਰਾਣੇ ਸਮੇਂ ਵਿਚ ਕੁਐਂਟਲ,ਕਿੱਲੋ ਤੇ ਗ੍ਰਾਮ ਆਦਿ ਦੀ ਥਾਂ ਮਣ,ਸੇਰ,ਪਾਈਆ ਤੇ ਛਟਾਂਕਾਂ ਵਿੱਚ ਮਾਪ ਤੋਲ ਦਾ ਕਾਰ ਵਿਹਾਰ ਕੀਤਾ ਜਾਂਦਾ ਸੀ। ਕੀਰਤਨ ਕਰਦਿਆਂ ਸ਼ਬਦ ਵਿਚ ਮਾਪ ਤੋਲ ਦੀ ਗੱਲ ਲਈ **ਸੇਰ** ਸ਼ਬਦ ਦੀ ਵਰਤੋਂ ਹੋ ਰਹੀ ਸੀ ਪਰ ਕੀਰਤਨੀਏ **ਸੇਰ** ਨੂੰ **ਸ਼ੇਰ** ਕਹਿ ਕੇ ਸੰਗਤਾਂ ਉਤੇ ਤਿੰਨ ਜੰਗਲੀ ਸ਼ੇਰਾਂ ਦਾ ਪ੍ਰਭਾਵ ਪਾਈ ਜਾ ਰਹੇ ਸੀ।ਵਾਰ ਵਾਰ **ਤੀਨਿ ਸੇਰ** ਦੀ ਥਾਂ **ਤਿੰਨ ਸ਼ੇਰ** ਦਾ ਉਚਾਰਣ ਕਰ ਕੇ ਸੰਗਤਾਂ ਦੀਆਂ ਸੁਰਤੀਆਂ ਬਿਰਤੀਆਂ ਨੂੰ ਮਨੁਖੀ ਜੀਵਨ ਦੀ ਸਚਾਈ ਵਲ ਲਜਾਣ ਦੀ ਥਾਂ ਤਿੰਨ ਜੰਗਲੀ ਸ਼ੇਰਾਂ ਦੇ ਜਾਲ ਵਿਚ ਫਸਾਉਂਦੇ ਰਹੇ ਤੇ ਆਪ ਵੀ ਤਿੰਨ ਸ਼ੇਰਾਂ ਦੇ ਜੰਗਲ ਵਿਚ ਭਟਕਦੇ ਰਹੇ.ਸਾਰੇ ਸ਼ਬਦ ਵਿਚ ਧੁਰ ਕੀ ਬਾਣੀ ਉਤੇ ਆਪਣੀ ਅਕਲ ਦੀ ਪੁੱਠ ਚਾੜ੍ਹਨ ਵਿਚ, ਉਹ ਆਪਣਾਂ ਸਾਰਾ ਜੋਰ ਲਗਾਉਂਦੇ ਰਹੇ।

ਕੀਰਤਨ ਦੀ ਸਮਾਪਤੀ ਪਿੱਛੋਂ ਸਤਿਗੁਰਾਂ ਨੇ ਹੁਕਮਨਾਮਾ ਬਖਸ਼ਿਆ–

ਜਾ ਕੈ ਦਰਸਿ ਪਾਪ ਕੋਟਿ ਉਤਾਰੇ।
ਭੇਟਤ ਸੰਗਿ ਇਹੁ ਭਵਜਲੁ ਤਾਰੇ॥
ਓਇ ਸਾਜਨ ਓਇ ਮੀਤ ਪਿਆਰੇ।
ਜੋ ਹਮ ਕਉ ਹਰਿ ਨਾਮੁ ਚਿਤਾਰੇ॥

ਆਪਣਾ ਕੀਮਤੀ ਸਮਾਂ ਕੱਢ ਕੇ ਆਈਆਂ ਸੰਗਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੁਕਮ ਸ੍ਰਵਣ ਕਰਨ ਲਈ ਸਿਰ ਝੁਕਾਈ ਬੈਠੀਆਂ ਸਨ ਪਰ ਹੁਕਮਨਾਮੇ ਦੀ ਬਖਸ਼ਿਸ਼ ਕਰਵਾਉਣ ਵਾਲੇ ਗ੍ਰੰਥੀ ਸਿੰਘ ਨੇ ਇਲਾਹੀ ਫੁਰਮਾਨ ਵਿਚ **ਜਾ** ਦੀ ਥਾਂ **ਜਾਂ** ਅਤੇ ਹੋਰ ਸਾਰੇ ਸ਼ਬਦ ਵਿਚ ਬਿੰਦੀਆਂ ਹੀ ਬਿੰਦੀਆਂ ਜੜ ਕੇ ,ਬੜੀ ਅਸਾਨੀ ਨਾਲ ਸਮਝ ਆਉਣ ਵਾਲੇ ਸਤਿਗੁਰਾਂ ਦੇ ਦਰਗਾਹੀ ਹੁਕਮ ਦੀ ਰੂਪ-ਰੇਖਾ ਬਦਲ ਕੇ ਸੰਗਤਾਂ ਨੂੰ ਅਰਥ ਸਮਝਣ ਲਈ ਘੁੰਮਣ ਘੇਰੀਆਂ ਵਿਚ ਪਾ ਦਿਤਾ।

ਥੋੜ੍ਹੀ ਦੇਰ ਪਹਿਲੇ ਉਹੀ ਸਿੰਘ ਕਥਾ ਕਰਦਾ ਹੋਇਆ ਸੰਗਤਾਂ ਨੂੰ ਸਮਝਾ ਰਿਹਾ ਸੀ ਕਿ ਗੁਰੂ ਸਾਹਿਬ ਜੀ ਦਾ ਫੁਰਮਾਨ ਹੈ ਕਿ ਜੇ ਕਿਸੇ ਪ੍ਰਾਣੀ ਦੇ ਦਿਲ ਵਿਚ ਗੁਰੂ ਦਰਸ਼ਨਾਂ ਦੀ ਲੋਚਾ ਹੋਵੇ ਤਾਂ ਉਹ ਗੁਰਬਾਣੀ ਦੇ ਦਰਸ਼ਨ ਕਰ ਕੇ ਆਪਣੀ ਦਰਸ਼ਨਾਂ ਦੀ ਪਿਆਸ ਬੁਝਾ ਸਕਦਾ ਹੈ ਪਰ ਹੁਣ ਆਪ ਹੀ ਆਪਣੀ ਅਕਲ ਦੀਆਂ ਮੋਹਰਾਂ ਲਗਾਉਂਦਾ ਹੋਇਆ, ਮਨ-ਮਰਜ਼ੀ ਦੀਆਂ ਲਗਾਂ ਮਾਤਰਾਂ ਅਤੇ ਬਿੰਦੀਆਂ ਟਿੱਪੀਆਂ ਨਾਲ ਗੁਰੂ ਜੀ ਦੇ ਨੂਰਾਨੀ ਮੁੱਖੜੇ ਉਤੇ ਧੱਬੇ ਲਗਾ ਰਿਹਾ ਸੀ।ਖਾਲਸਈ ਬਾਣੇ ਵਿਚ ਸਜੇ ਹੋਏ ਸਿੰਘ ਨੂੰ ਭੋਲ਼ੀਆਂ ਸੰਗਤਾਂ ਸ਼ਰਧਾ ਭਾਵਨਾ ਨਾਲ ਦੇਖ ਰਹੀਆਂ ਸੀ,ਉਸਦੇ ਬੋਲਾਂ ਉਤੇ ਫੁੱਲ ਚੜ੍ਹਾ ਰਹੀਆਂ ਸੀ ਤੇ ਆਪਣੇ ਦੇਸੋਂ ਆਏ ਧਰਮ ਪ੍ਰਚਾਰਕਾਂ ਕੀਰਤਨੀਏ ਅਤੇ ਕਥਾਕਾਰਾਂ ਕੋਲੋਂ ਬਿਦੇਸ਼ਾਂ ਵਿਚ ਸਿੱਖ ਧਰਮ ਦੀਆਂ ਜੜ੍ਹਾਂ ਪੱਕੀਆਂ ਕਰਨ ਦੀ ਆਸ ਲਗਾ ਰਹੀਆਂ ਸਨ।ਦਸਾਂ ਨਹੁੰਆਂ ਦੀ ਕਮਾਈ ਵਿਚੋਂ ਧਰਮ ਦੇ ਨਾਮ 'ਤੇ ਮਾਇਆ ਭੇਟ ਕਰ ਰਹੀਆਂ ਸੀ।

ਸਮਾਗਮ ਦੀ ਸਮਾਪਤੀ ਪਿੱਛੋਂ ਜਦੋਂ ਉਹ ਸਾਰੇ ਕੀਰਤਨੀਏਂ ਤੇ ਕਥਾਕਾਰ ਸਿੰਘ ਜੀਨਾਂ ਤੇ ਸ਼ਰਟਾਂ ਪਾ ਕੇ ਕਿਧਰੇ ਜਾਣ ਲਈ ਗੁਰੂ-ਘਰ ਤੋਂ ਬਾਹਰ ਨਿਕਲੇ ਤਾਂ ਇਕ ਨਾਮ ਬਾਣੀ ਦੀ ਅਭਿਆਸਣ ਬੀਬੀ ਨੇ ਉਨ੍ਹਾਂ ਨਾਲ **ਸੇਰ** ਅਤੇ **ਸ਼ੇਰ** ਦੀ ਗੱਲ ਕੀਤੀ।ਬੜੇ ਦੁਖੀ ਹਿਰਦੇ ਨਾਲ ਉਸ ਨੇ ਮਨ ਮਰਜੀ ਨਾਲ ਬਿੰਦੀਆਂ ਟਿਪੀਆਂ ਲਗਾ ਕੇ ਹੁਕਮਨਾਮਾ ਪੜ੍ਹਨ ਵਾਲੇ ਨੂੰ ਬਾਣੀ ਦੇ ਅਰਥਾਂ ਦੇ ਅਨਰਥ ਕਰਨ ਦੀ ਗਲਤੀ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰ ਉਨ੍ਹਾਂ ਨੂੰ ਬੀਬੀ ਦੀਆਂ ਗੱਲਾਂ ਆਪਣੀ ਸ਼ਾਨ ਦੇ ਖਿਲਾਫ ਲੱਗੀਆਂ, ਬੀਬੀ ਦੇ ਵਿਚਾਰਾਂ ਨੂੰ ਅਣਗੌਲਿਆਂ ਕਰਦਿਆਂ,ਉਨ੍ਹਾਂ ਆਪਣੀਆਂ ਧਾਰਮਿਕ ਵਿਦਿਆ ਦੀ ਪ੍ਰਾਪਤੀ ਦੀਆਂ ਡਿਗਰੀਆਂ ਅਤੇ ਇਨਾਮ ਜਿਤਣ ਮੈਡਲਾਂ ਦੀ ਬੌਛਾੜ ਲਗਾ ਦਿਤੀ।ਆਪਣੇ ਆਪ ਵਿਚ ਸੰਪੂਰਨ ਵਿਦਵਾਨ ਹੋਣ ਦਾ ਦਾਅਵਾ ਕਰਨ ਵਾਲਿਆਂ ਨੇ ਕਿਹਾ ਕਿ ਉਹ ਬਾਣੀ ਨੂੰ ਸੋਧ ਕੇ ਪੜ੍ਹਦੇ ਹਨ। ਬੇਬਸ ਜਿਹੀ ਹੋ ਕੇ ਉਸ ਬੀਬੀ ਨੇ ਉਨ੍ਹਾਂ ਅਗੇ ਤਰਲਾ ਪਾਉਂਦੀ ਹੋਈ ਨੇ ਫਿਰ ਕਿਹਾ ਕਿ ਇਲਾਹੀ ਬਾਣੀ ਦੇ ਅਰਥਾਂ ਦੇ ਅਨਰਥ ਕਰਨ ਵਾਲੀਆਂ ਬਿੰਦੀਆਂ ਟਿਪੀਆਂ ਉਸਦੇ ਦਿਲ ਉਤੇ ਕੰਡਿਆਂ ਵਾਂਗੂੰ ਚੁੱਭਦੀਆਂ ਹਨ ਤਾਂ ਇਸ ਗਲ ਨੂੰ ਉਨ੍ਹਾਂ ਨੇ ਹਾਸੇ ਵਿਚ ਉੜਾ ਦਿਤਾ

ਕੋਲ ਹੀ ਖੜ੍ਹੀ ਇਕ ਬੀਬੀ ਜਿਹੜੀ ਬੜੇ ਧਿਆਨ ਨਾਲ ਸਾਰੀ ਗਲ ਬਾਤ ਦੇਖ ਰਹੀ ਸੀ ਉਸ ਤੋਂ ਰਿਹਾ ਨਾ ਗਿਆ,ਉਸਨੇ ਬੜੇ ਰੋਹ ਵਿਚ ਆ ਕੇ ਲੜਕਿਆਂ ਨੂੰ ਕਿਹਾ,-

"ਕਿਉਂ..?ਬਿੰਦੀਆਂ ਲਗਾਉਣ ਲਈ ਗੁਰੂ ਸਾਹਿਬਾਨ ਦੀ ਦਵਾਤ ਵਿਚੋਂ ਸਿਆਹੀ ਮੁਕ ਗਈ ਸੀ ...?ਆਏ ਵਡੇ...!ਧੁਰ ਦਰਗਾਹੋਂ ਆਈ ਬਾਣੀ ਨੂੰ ਸੋਧਣ ਵਾਲੇ....!

ਉਸ ਬੀਬੀ ਨੂੰ ਚੁਪ ਕਰਵਾਉਣ ਲਈ ਇਕ ਲੜਕੇ ਨੇ ਬੜੇ ਰੋਅਬ ਨਾਲ ਕਿਹਾ;- "ਚੰਗਾ.!ਤੂੰ ਫਿਰ ਇਹ ਦਸ.. ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਟੂਟੀ ਗੰਢਣ ਹਾਰ' ਨੂੰ 'ਟੂਟੀ ਗਾਡਨ ਹਾਰ' ਲਿਖਿਆ ਹੋਇਆ ਹੈ ਤਾਂ ਕੀ ਅਸੀ ਵੀ 'ਗੰਢਣ' ਨੂੰ 'ਗਾਡਨ' ਹੀ ਆਖੀ ਜਾਈਏ..?"

ਇਹ ਗਲ ਸੁਣ ਕੇ ਝੱਟ ਹੀ ਉਹ ਤਲਖੀ ਵਿਚ ਆ ਕੇ ਬੋਲੀ;-"ਕਿਉਂ..?ਗਾਡਨ ਕਹਿੰਦਿਆਂ ਦਾ ਤੁਹਾਡਾ ਮੂੰਹ ਦੁਖਦਾ ਹੈ..?"ਸ਼ਰਧਾ ਭਾਵਨਾ ਨਾਲ ਦੇਖੀਏ ਤਾਂ ਸਭ ਸਮਝ ਆ ਜਾਂਦਾ ਹੈ .ਜੇ ਮੇਰੇ ਵਰਗਿਆਂ ਅਨਪੜ੍ਹਾਂ ਨੂੰ ਗਾਡਨ ਦੇ ਅਰਥ ਗੰਢਣ ਵਿਚ ਹੀ ਸਮਝ ਆ ਜਾਂਦੇ ਹਨ ਤਾਂ ਤੁਹਾਨੂੰ ਵਡੀਆਂ ਡਿਗਰੀਆਂ ਵਾਲਿਆਂ ਨੂੰ ਕਿਉਂ ਸਮਝ ਨਹੀਂ ਪੈਂਦੇ..?ਰੱਬ ਦੇ ਵਾਸਤੇ..!ਬਾਣੀ ਨੂੰ ਨਾ ਵਗਾੜੋ..! ਕੁਝ ਸੋਚੋ..! ਸਮਝੋ..! ਇਹ ਧੁਰ ਕੀ ਬਾਣੀ ਸਾਡੀ ਜਿੰਦ ਜਾਨ ਹੈ!

ਘੁੰਮਣ ਫਿਰਨ ਦੇ ਇਰਾਦੇ ਨਾਲ ਨਿਕਲੇ ਨੌਜਵਾਨ ਲੜਕਿਆਂ ਕੋਲ ਬੀਬੀਆਂ ਦੀਆਂ ਗੱਲਾਂ ਸੁਣਨ ਲਈ ਸਮਾਂ ਨਹੀਂ ਸੀ ਕਿਉਂਕਿ ਓਧਰ ਕਾਰ ਪਾਰਕਿੰਗ ਵਿਚ ਇਕ ਸਰਦਾਰ ਆਪਣੀ ਕਾਰ ਦਾ ਦਰਵਾਜਾ ਖੋਲ੍ਹੀ ਦੂਰੋਂ ਖੜ੍ਹਾਂ ਉਨ੍ਹਾਂ ਨੂੰ ਛੇਤੀ ਆਉਣ ਦਾ ਇਸ਼ਾਰਾ ਕਰ ਰਿਹਾ ਸੀ, ਆਪਣੀ ਜੰਮਣ-ਭੂੰਮੀ ਤੋਂ ਆਏ ਸਿੰਘਾਂ ਦਾ ਕੈਨੇਡਾ ਦੀ ਸੈਰ ਕਰਨ ਦਾ ਸ਼ੌਕ ਪੂਰਾ ਕਰਵਾਉਣਾ, ਉਹ ਆਪਣਾ ਧਰਮ-ਕਰਮ ਸਮਝਦਾ ਸੀ. ਮੌਜ ਮਸਤੀ ਕਰਦੇ ਹੋਏ ਲੜਕੇ ਦੌੜ ਕੇ ਕਾਰ ਵਿਚ ਜਾ ਬੈਠੇ ਤੇ ਬੀਬੀਆਂ ਦੇਖਦੀਆਂ ਹੀ ਰਹਿ ਗਈਆਂ

ਜਹਾਂਗੀਰ ਦੇ ਹੁਕਮ ਨਾਲ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕੀਤਾ ਗਿਆ ਪਰ ਜਹਾਂਗੀਰ ਦੀ ਮੌਤ ਪਿਛੋਂ ਜਦੋਂ ਉਸਦਾ ਪੁਤਰ ਰਾਜਾ ਬਣਿਆ ਤਾਂ ਉਸਨੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀਆਂ ਖੂਬੀਆਂ ਸੁਣ ਕੇ ਗੁਰੂ ਜੀ ਨਾਲ ਦੋਸਤੀ ਦਾ ਹਥ ਵਧਾਇਆ ਤਾਂ ਗੁਰੂ ਜੀ ਨੇ ਇਨਕਾਰ ਨਹੀਂ ਕੀਤਾ,ਉਸ ਨਾਲ ਦਖਣ ਦੀ ਸੈਰ ਕੀਤੀ.ਇਸੇ ਤਰ੍ਹਾਂ ਹੀ ਔਰੰਗਜ਼ੇਬ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕੀਤਾ ਪਰ ਔਰੰਗਜ਼ੇਬ ਦੀ ਮੌਤ ਪਿਛੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਔਰੰਗਜ਼ੇਬ ਦੇ ਪੁਤਰ ਨਾਲ ਵੈਰ ਵਿਰੋਧ ਦਾ ਰਿਸ਼ਤਾ ਰਖਣ ਦੀ ਥਾਂ ਉਸਦੀ ਬੇਨਤੀ ਪ੍ਰਵਾਨ ਕਰਕੇ ਉਸਦੀ ਜੰਗ ਦੇ ਮੈਦਾਨ ਵਿਚ ਮਦਦ ਕੀਤੀ.ਮੁਗਲ ਰਾਜਿਆਂ ਨੇ ਸਿਖਾਂ ਉਪਰ ਘੋਰ ਅਤਿਆਚਾਰ ਕੀਤੇ ਪਰ ਸਾਡੇ ਗੁਰੂਆਂ ਨੇ ਜ਼ੁਲਮ ਕਰਨ ਵਾਲਿਆਂ ਦੀ ਔਲਾਦ ਨਾਲ ਵੈਰ ਵਿਰੋਧ ਦਾ ਰਿਸ਼ਤਾ ਰਖਣ ਤੋਂ ਇਨਕਾਰ ਕੀਤਾ. ਦੂਜੇ ਪਾਸੇ ਰਾਮਰਾਈਏ ਧੀਰਮਲੀਏ ਜਿਹੜੇ ਗੁਰੂਵੰਸ਼ ਵਿਚੋਂ ਹੀ ਸੀ ਪਰ ਉਨ੍ਹਾਂ ਦਾ ਇਹ ਕਸੂਰ ਸੀ ਕਿ ਉਨ੍ਹਾਂ ਨੇ ਆਪਣੇ ਮਤਲਬ ਲਈ ਨਿਰੰਕਾਰੀ ਜੋਤ ਵਾਲੀ ਗੁਰਬਾਣੀ ਵਿਚ ਤ੍ਰੋੜ ਮ੍ਰੋੜ ਕਰਕੇ ਆਪਣਾਂ ਮਤਲਬ ਸਿਧ ਕੀਤਾ ਸੀ,ਇਸ ਦੋਸ਼ ਕਾਰਨ ਸਾਡੇ ਗੁਰੂਆਂ ਨੇ ਉਨ੍ਹਾਂ ਦੇ ਮਥੇ ਲਗਣੋਂ ਵੀ ਇਨਕਾਰ ਕੀਤਾ ਤੇ ਨਾਲ ਹੀ ਉਨ੍ਹਾਂ ਦੀ ਔਲਾਦ ਨੂੰ ਵੀ ਨਹੀਂ ਬਖਸ਼ਿਆ,ਅਜ ਵੀ ਜਦੋਂ ਅੰਮ੍ਰਿਤ ਸੰਚਾਰ ਹੁੰਦਾ ਹੈ ਤਾਂ ਅੰਮ੍ਰਿਤ ਛਕਣ ਵਾਲੇ ਪ੍ਰਾਣੀਆਂ ਨੂੰ ਅਦੇਸ਼ ਦਿਤਾ ਜਾਂਦਾ ਹੈ ਕਿ ਰਾਮਰਾਈਆਂ ਅਤੇ ਧੀਰਮਲੀਆਂ ਨਾਲ ਕੋਈ ਸਾਂਝ ਨਹੀਂ ਰਖਣੀ

ਸਾਡੇ ਗੁਰੂਆਂ ਨੇ ਗੁਰਬਾਣੀ ਵਿਚ ਦਖਲ ਅੰਦਾਜ਼ੀ ਕਰਨ ਦੇ ਦੋਸ਼ ਨੂੰ ਮੁਗਲਾਂ ਦੇ ਘੋਰ ਅਤਿਆਚਾਰਾਂ ਦੇ ਦੋਸ਼ਾਂ ਤੋਂ ਵੀ ਉਪਰ ਮੰਨ ਕੇ ਦੋਸ਼ੀਆਂ ਨਾਲ ਹੀ ਨਹੀਂ ਸਗੋਂ ਉਨ੍ਹਾਂ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਨਾਲ ਵੀ ਨਾਮਿਲਵਰਤਣ ਦਾ ਹੁਕਮ ਦਿਤਾ.ਦੋਸ਼ੀ ਬੇਸ਼ਕ ਉਨ੍ਹਾਂ ਦੀ

ਆਪਣੀ ਹੀ ਔਲਾਦ ਸੀ ਫਿਰ ਵੀ ਉਨ੍ਹਾਂ ਨੇ ਦੋਸ਼ੀਆਂ ਦੇ ਮਥੇ ਲਗਣੋਂ ਇਨਕਾਰ ਕੀਤਾ ਤੇ ਗੁਰੂ ਘਰ ਦੇ ਸਾਰੇ ਹਕਾਂ ਤੋਂ ਵਾਂਝਿਆਂ ਰਖਿਆ. ਪਰ ਅਜ ਸਾਡਾ ਹਾਲ ਦੇਖੋ ਕਿ ਅਜ ਸਾਡੇ ਸਰਵ-ਉਚ ਅਸਥਾਨ ਸਥਾਨ ਸ੍ਰੀ ਦਰਬਾਰ ਸਾਹਿਬ ਵਿਚ ਵੀ ਬਾਣੀ ਦੀ ਤ੍ਰੋੜ ਮ੍ਰੋੜ ਕਰਕੇ ਕੀਰਤਨ ਕਰਨਾ ਆਮ ਗਲ ਹੋ ਗਈ ਹੈ

ਪਤਾ ਨਹੀਂ ਕਿਉਂ ਵੱਡੀਆਂ ਵੱਡੀਆਂ ਸੰਸਥਾਵਾਂ ਵਾਲੇ ਵੀ ਇਸ ਮਾਮਲੇ ਵਿੱਚ ਚੁੱਪ ਧਾਰੀ ਬੈਠੇ ਹਨ।

੭ ਜੁਲਾਈ ੨੦੧੨ ਸਮਾ ਸਵੇਰੇ ੯ ਵਜ ਕੇ ੩੦ ਮਿੰਟ 'ਤੇ ਅੰਮ੍ਰਿਤਸਰ ਦਰਬਾਰ ਸਾਹਿਬ 'ਤੋਂ ਟੀ.ਵੀ. ਰਾਹੀਂ ਸਿਧਾ ਪ੍ਰਸਾਰਣ ਹੋ ਰਿਹਾ ਸੀ

ਦੇ ਕੈ ਚਉਕਾ ਕਢੀ ਕਾਰ
ਉਪਰਿ ਆਇ ਬੈਠੇ ਕੂੜਿਆਰ

ਆਸਾ ਦੀ ਵਾਰ ਪੰਨਾਂ ੪੭੨

ਕੀਰਤਨੀਆਂ ਸਿੰਘ ਬੜੇ ਖੁਲ੍ਹੇ ਦਿਲ ਨਾਲ ਅੰਮ੍ਰਿਤ ਬਾਣੀ ਵਿਚ ਥਾਂ ਥਾਂ ਲਗਾਂ ਮਾਤਰਾਂ ਦੀ ਹੇਰੀ ਫੇਰੀ ਕਰਦਾ ਹੋਇਆ 'ਕਢੀ ਕਾਰ' ਨੂੰ 'ਕੰਢੀ ਕਾਰ' ਉਚਾਰਣ ਕਰ ਰਿਹਾ ਸੀ, ਸੰਗਤਾਂ ਦਾ ਧਿਆਨ ਪਖੰਡੀ ਧਰਮੀਆਂ ਦੇ ਚਉਕੇ ਦੀ ਛੂਆ ਛਾਤ ਵਾਲੀ ਕਢੀ ਹੋਈ ਲਕੀਰ ਵਲ ਲਿਜਾਣ ਦੀ ਥਾਂ ਪਤਾ ਨਹੀਂ ਕਿਹੜੀ ਕੰਢੀ ਵਲ ਲਿਜਾ ਰਿਹਾ ਸੀ.

ਰੂਹਾਨੀਅਤ ਦੇ ਭੰਡਾਰਾਂ ਲਈ ਮਸ਼ਹੂਰ ਸਮਾਗਮ ਵਿੱਚ ਇਕ ਬੀਬੀ ਰਹਿਰਾਸ ਸਾਹਿਬ ਦਾ ਪਾਠ ਕਰ ਰਹੀ ਸੀ। ਉਹ ਥਾਂ ਥਾਂ ਬੇਲੋੜੀਆਂ ਬਿੰਦੀਆਂ ਦੀ ਭਰਮਾਰ ਲਗਾਉਣ ਦੇ ਨਾਲ-ਨਾਲ ਸਿਹਾਰੀਆਂ ਬਿਹਾਰੀਆਂ ਦੀ ਬੇਲੋੜੀ ਵਰਤੋਂ ਕਰਨ ਵਿੱਚ ਹੀ ਆਪਣੀ ਵਿਦਵਤਾ ਸਮਝਦੀ ਹੋਈ;-ਤੇਰਾ ਅੰਤੁ ਨ ਜਾਈ ਲਖਿਆ ਨੂੰ ;-ਤੇਰਾ ਅੰਤੁ ਨ ਜਾਈ ਲਿਖਿਆ; ਉਚਾਰਣ ਕਰ ਰਹੀ ਸੀ ਤੇ ਲਿਖਿਆ ਸ਼ਬਦ ਦਾ ਉਹ ਖਾਸ ਪ੍ਰਭਾਵ ਪੂਰਣ ਉਚਾਰਣ ਕਰ ਰਹੀ ਸੀ ਤਾਂ ਜੋ ਸੰਗਤ ਨੂੰ ਪਤਾ ਲੱਗ ਜਾਵੇ ਕਿ ਉਸਨੂੰ ਗੁਰਬਾਣੀ ਸੋਧਣ ਦਾ ਤਰੀਕਾ ਆਉਂਦਾ ਹੈ

ਇਸ ਗਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਉਹ "ਲਖਿਆ" ਦੇ ਅਰਥਾਂ ਤੋਂ ਅਣਜਾਣ ਸੀ. ਇਸੇ ਕਰਕੇ ਹੀ ਉਸ ਨੇ ਆਪਣੀ ਮਤ ਅਨੁਸਾਰ ਲਖਿਆ ਨੂੰ ਲਿਖਿਆ ਕਿਹਾ ਪਰ ਇਸ ਗਲ ਵਲ ਧਿਆਨ ਦੇਣਾ ਬਹੁਤ ਜਰੂਰੀ ਹੈ ਕਿ ਜੇ ਇਸੇ ਤਰ੍ਹਾਂ ਹੀ ਅਸੀਂ ਆਪਣੀ ਮਤ ਅਨੁਸਾਰ ਬਾਣੀ ਦਾ ਮੂਲ ਸਰੂਪ ਬਦਲਣ ਲਗ ਪਏ ਤਾਂ ਅਖੀਰ ਇਸ ਦਾ ਨਤੀਜਾ ਕੀ ਨਿਕਲੇਗਾ...?

ਜੇਕਰ ਉਸ ਬੀਬੀ ਦਾ ਧਿਆਨ ਕਿਸੇ ਪ੍ਰਚਾਰਕ ਦੇ ਦੱਸੇ ਹੋਏ ਸਿਧਾਂਤਾਂ ਦੀ ਬੰਧਿਸ਼ ਵਿੱਚ ਫਸਣ ਦੀ ਥਾਂ ਧੁਰ ਕੀ ਬਾਣੀ ਦੇ ਇਲਾਹੀ ਪ੍ਰੇਮ-ਪ੍ਰਕਾਸ਼ ਵਿੱਚ ਟਿਕਿਆ ਹੋਇਆ ਹੁੰਦਾ ਤਾਂ ਭੁੱਲ ਕੇ ਵੀ ਉਸ ਦੇ ਮੂੰਹੋਂ **ਲਖਿਆ** ਨੂੰ **ਲਿਖਿਆ** ਨਹੀਂ ਸੀ ਨਿਕਲਣਾ।

ਜੇ ਉਸਦੀ ਸੁਰਤੀ ਕਿਸੇ ਸੰਸਥਾ ਵਲੋਂ ਲਈਆਂ ਹੋਈਆਂ ਡਿਗਰੀਆਂ ਦੀ ਥਾਂ, ਜੁਗੋ-ਜੁਗ ਅਟੱਲ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਮ-ਪ੍ਰਕਾਸ਼ ਉੱਤੇ ਟਿਕੀ ਹੋਈ ਹੁੰਦੀ ਤਾਂ ਸਹਿਜੇ ਹੀ ਉਸਦੀ ਪ੍ਰੇਮ-ਭਾਵਨਾ ਨੇ ਸੰਗਤ ਵਿਚ ਭਗਤੀ ਰਸ ਦਾ ਰੰਗ ਵਰ੍ਹਾ ਦੇਣਾ ਸੀ ਤੇ ਉਸਦੀ ਰਸਭਿੰਨੀ ਅਵਾਜ਼ ਰਾਹੀਂ ਉਚਾਰੀ ਜਾ ਰਹੀ ਬਾਣੀ ਦੇ ਸ਼ੁੱਧ ਉਚਾਰਣ ਨੇ ਸੰਗਤ ਦੇ ਕੰਨਾਂ ਵਿੱਚ ਵੀ ਅੰਮ੍ਰਿਤ-ਰਸ ਘੋਲ ਦੇਣਾ ਸੀ।

ਗੁਰੂ ਘਰ ਦੀ ਸੇਵਾ ਲਈ ਤਾਂ ਉਸ ਬੀਬੀ ਦੀ ਬੜੀ ਘਾਲਣਾ ਸੀ,ਲੰਗਰ ਦੀ ਸੇਵਾ ਵੀ ਦਿਲ ਜਾਨ ਨਾਲ ਕਰਦੀ ਸੀ ਪਰ ਧਾਰਮਿਕ ਸਿੱਖਿਆ ਦੀਆਂ ਡਿਗਰੀਆਂ ਦੇ ਬੋਝ ਕਾਰਨ

ਬਾਣੀ ਨੂੰ ਸੋਧ ਕੇ ਪੜ੍ਹਨ ਦਾ ਮੁਫਤ ਵਿਚ ਸਹੇੜਿਆ ਬੋਝ ਉਸਦੀ ਭਗਤੀ ਤੇ ਸ਼ਰਧਾ ਨੂੰ ਖੋਰਾ ਲਗਾ ਰਿਹਾ ਸੀ।

ਕਈਆਂ ਦੀ ਤਾਂ ਆਦਤ ਹੀ ਬਣ ਗਈ ਹੈ ਕਿ ਉਹ ਬਾਣੀ ਵਿੱਚ ਵੱਧ ਤੋਂ ਵੱਧ ਬਿੰਦੀਆਂ ਟਿੱਪੀਆਂ ਇਸ ਤਰ੍ਹਾਂ ਲਗਾਉਂਦੇ ਹਨ ਜਿਵੇਂ ਕਿ ਉਹ ਬਾਣੀ ਦੀ ਸੁਧਾਈ ਕਰਕੇ ਰਚਨਹਾਰਿਆਂ ਉਤੇ ਬਹੁਤ ਵੱਡਾ ਪਰਉਪਕਾਰ ਕਰ ਰਹੇ ਹੋਣ।

ਮੱਖਣ ਸ਼ਾਹ ਲੁਬਾਣੇ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੁਰਗੱਦੀ ਅੱਗੇ ਪੁਕਾਰ ਕੀਤੀ ਤਾਂ ਮੌਤ ਦੇ ਮੂੰਹ ਵਿਚ ਪਏ ਸਿੱਖ ਦੀ ਪ੍ਰੇਮ ਪੁਕਾਰ ਸੁਣ ਕੇ ਸਾਡੇ ਨੌਵੇਂ ਨਾਨਕ ਜੀ ਰੂਹਾਨੀ ਸ਼ਕਤੀ ਨਾਲ ਮੱਖਣ ਸ਼ਾਹ ਲੁਬਾਣੇ ਦੇ ਬੇੜੇ ਨੂੰ ਮੋਢਾ ਲਾਉਣ ਲਈ ਪਲਾਂ ਵਿਚ ਹੀ ਸਮੁੰਦਰੀ ਤੂਫਾਨ ਵਿੱਚ ਜਾ ਵੜੇ।ਅਜ ਉਸੇ ਗੁਰਗਦੀ ਉਤੇ ਸਾਡੇ ਗਿਆਰਵੇਂ ਨਾਨਕ ਜੀ ਆਪਣੇ ਨਿਰੰਕਾਰੀ ਜੋਤ ਸਰੂਪ ਵਿਚ ਗੁਰੂਆਂ ਤੇ ਭਗਤਾਂ ਨੂੰ ਨਾਲ ਲੈ ਕੇ ਇਲਾਹੀ ਬਾਣੀ ਦੇ ਸਰੂਪ ਵਿਚ ਜਗਮਗਾ ਰਹੇ ਹਨ,ਸਾਡੇ ਕਲਿਯੁਗੀ ਜੀਵਾਂ ਦੇ ਬੇੜੇ ਪਾਰ ਕਰਨ ਲਈ ਸੰਪੂਰਨ ਗੁਰੂ ਦੇ ਫਰਜ ਨਿਭਾ ਰਹੇ ਹਨ .ਰੂਹਾਨੀ ਰਾਹਾਂ ਦੇ ਪਾਂਧੀਆਂ ਨੂੰ ਸ਼ਬਦ ਸੁਰਤ ਦੇ ਮਿਲਾਪ ਦੀਆਂ ਮੰਜਲਾਂ ਤਹਿ ਕਰਵਾਉਣ ਲਈ ਪ੍ਰਗਟ ਪ੍ਰਤਾਪ ਹੋ ਕੇ ਬਹੁੜਦੇ ਹਨ।ਜਿਨ੍ਹਾਂ ਨੇ ਗੁਰੂ ਜੀ ਦੀ ਸ਼ਰਣ ਵਿਚ ਰਹਿ ਕੇ ਜਗ ਮਗ ਨੂਰ ਹੈ ਦੇ ਰੰਗ ਮਾਣੇਂ ਹਨ ਉਹ ਜਾਣਦੇ ਹਨ ਕਿ ਸਚੇ ਦਿਲ ਦੀ ਪੁਕਾਰ ਸੁਣ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਰ ਥਾਂ ਹਾਜਰ ਹੋਣ ਦੇ ਸਮਰਥ ਹਨ .ਪਰ ਸਾਡੀਆਂ ਧਰਮ ਪ੍ਰਚਾਰਕ ਸੰਸਥਾਵਾਂ ਦਾ ਹਾਲ ਦੇਖੋ ਕਿ ਜੁਗੋ ਜੁਗ ਅਟਲ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚੋਂ ਗੁਰੂਆਂ ਭਗਤਾਂ ਦਾ ਪ੍ਰਗਟ ਪ੍ਰਤਾਪ ਦੇਖਣ ਦੀ ਥਾਂ, ਉਨ੍ਹਾਂ ਨੇ ਇਸ ਨੂਰਾਨੀ ਜੋਤ ਦੀ ਸੁਧਾਈ ਕਰਨ ਲਈ ਸਕੂਲਾਂ ਕਾਲਜਾਂ ਵਿਚ ਬੜੇ ਵਡੇ ਪਧਰ ਉਤੇ ਡਿਗਰੀਆਂ ਦੇਣ ਦਾ ਜਾਲ ਵਿਛਾਇਆ ਹੋਇਆ ਹੈ।**ਗੁਰਬਾਣੀ ਨੂੰ ਸੋਧਣ ਦੀ ਇਕ ਐਸੀ ਰਸਮ ਬਣਦੀ ਜਾ ਰਹੀ ਹੈ ਕਿ ਕੋਈ ਆਪਣੀ ਦਸਾਂ ਨੌਹਾਂ ਦੀ ਕਮਾਈ ਵਿਚੋਂ ਦਸਵੰਧ ਕਢੇ ਜਾਂ ਨਾ ਕਢੇ ਪਰ ਆਪਣੇ ਸਮੇ ਦੀ ਦਸਵੰਧ ਕਢ ਕੇ ਗੁਰਬਾਣੀ ਸੋਧਣ ਦੀ ਸੰਥਿਆ ਦੇਣ ਵਾਲੇ ਬੜੇ ਮਿਲ ਜਾਣਗੇ.** ਬਚਿਆਂ ਨੂੰ ਡਿਗਰੀਆਂ ਅਤੇ ਇਨਾਮ ਲੈਣ ਦਾ ਜ਼ਿਆਦਾ ਸ਼ੋਕ ਹੁੰਦਾ ਹੈ ਇਸ ਲਈ ਉਹ ਲਗਨ ਨਾਲ ਮੇਹਨਤ ਕਰਕੇ ਗੁਰਬਾਣੀ ਦੀ ਸੁਧਾਈ ਕਰਨੀ ਸਿਖਦੇ ਹਨ,ਡਿਗਰੀਆਂ ਤੇ ਇਨਾਮ ਪ੍ਰਾਪਤ ਕਰਨ ਦੀ ਲਾਲਸਾ ਉਨ੍ਹਾਂ ਨੂੰ ਬਾਣੀ ਦੇ ਉਚਾਰਣ ਵਿਚ ਤ੍ਰੋੜ ਮ੍ਰੋੜ ਕਰਨ ਵਿਚ ਪ੍ਰਪਕ ਕਰਦੀ ਹੈ।ਇਕ ਗਿਆਰਾਂ ਕੁ ਸਾਲ ਦਾ ਲੜਕਾ ਗੁਰਦੁਆਰੇ ਵਿਚ ਸੰਗਤ ਨੂੰ ਸਿਮਰਨ ਕਰਵਾ ਰਿਹਾ ਸੀ।ਉਹ ਵਾਹਿਗੁਰੂ ਦਾ ਉਚਾਰਣ ਵਾਂਹਿਗੁਰੂ ਕਹਿ ਕੇ ਕਰਵਾ ਰਿਹਾ ਸੀ.ਵਾਹਿਗੁਰੂ ਸ਼ਬਦ ਨੇ ਸਾਡੇ ਅੰਤਰ ਆਤਮੇ ਠੰਡ ਪਾਉਣ ਸੀ ਪਰ ਜਦ ਸਿਮਰਨ ਲਈ ਅਖੀਆਂ ਮੀਟੀਆਂ ਤਾਂ ਵਾਹਿਗੁਰੂ ਨਾਮ ਦੇ ਉਤੇ ਵਾਧੂ ਦੀ ਬਿੰਦੀ ਰੋੜਾ ਬਣ ਕੇ ਰੜਕਣ ਲਗੀ.ਇਓਂ ਲਗੇ ਜਿਵੇਂ ਉਸ ਵਿਚਾਰੇ ਦੀ ਜ਼ੁਬਾਨ ਵਿਚ ਕੋਈ ਨੁਕਸ ਹੈ ਪਰ ਸਮਾਗਮ ਖਤਮ ਹੋਣ ‘ਤੇ ਪਤਾ ਲਗਿਆ ਕਿ ਉਹ ਧਾਰਮਿਕ ਸਿਖਿਆ ਦਾ ਵਿਦਿਆਰਥੀ ਹੈ ਤੇ ਗੁਰਬਾਣੀ ਵਿਚ ਬਿੰਦੀਆਂ ਲਗਾ ਕੇ ਗੁਰਬਾਣੀ ਨੂੰ ਸੋਧਣ ਵਿਚ ਉਸ ਨੇ ਬੜੀ ਮਹਾਰਤ ਹਾਸਲ ਕੀਤੀ ਹੋਈ ਹੈ, ਉਹ ਵਾਹਿਗੁਰੂ ਦੇ ਨਾਮ ਉਤੇ ਬਿੰਦੀ ਲਗਾ ਕੇ ਵਾਂਹਿਗੁਰੂ ਕਹਿਣ ਵਿਚ ਵੀ ਗੁਰਬਾਣੀ ਦੀ ਸੁਧਾਈ ਦੀ ਯੋਗਤਾ ਸਮਝਦਾ ਹੈ।

ਜਾਣੇ-ਅਣਜਾਣੇ ਵਿਚ ਗਲਤ ਉਚਾਰਣ ਹੋ ਜਾਵੇ ਤਾਂ ਹੋਰ ਗੱਲ ਹੈ,ਪਰ ਜਾਣ-ਬੁੱਝ ਕੇ ਆਪਣੀ ਚੁੰਚ-ਗਿਆਨਤਾ ਦਾ ਪ੍ਰਗਟਾਵਾ ਕਰਨ ਲਈ ਅੰਮ੍ਰਿਤ ਬਾਣੀ ਦਾ ਗਲਤ ਉਚਾਰਣ ਕਰਨਾ ਘੋਰ ਅਨਰਥ ਹੈ।

ਦੇਖਣ ਵਿੱਚ ਇਹ ਵੀ ਆਉਂਦਾ ਹੈ ਕਿ ਸਟੇਜ ਉਤੇ ਪਾਠ ਕਰਨ ਸਮੇਂ ਕਿਸੇ ਪਾਠੀ ਜਾਂ ਕੀਰਤਨੀਏ ਕੋਲੋਂ ਜੇ ਕਿਧਰੇ ਵਾਧੂ ਦੀਆਂ ਲਗਾਂ-ਮਾਤਰਾਂ ਲਗਾਉਣ ਵਿਚ ਕਮੀ ਰਹਿ ਗਈ ਹੋਵੇ ਤਾਂ ਉਸਨੂੰ ਅੱਗੋਂ ਲਈ ਬਾਣੀ ਨੂੰ ਸੋਧ ਕੇ ਪੜ੍ਹਨ ਦੀ ਚਿਤਾਵਨੀ ਦੇਣ ਲਈ ਕਈ ਤਿਆਰ ਬੈਠੇ ਹੁੰਦੇ ਹਨ.ਅਜਿਹੇ ਥਾਵਾਂ ਉਤੇ ਇਕ ਦੂਜੇ ਨੂੰ ਇਹੀ ਗੱਲ ਕਹਿੰਦੇ ਸੁਣੀਂਦਾ ਹੈ ਕਿ ਬਾਣੀ ਦੀ ਇਸ ਤੁਕ ਨੂੰ ਇਸ ਤਰ੍ਹਾਂ ਨਹੀਂ... ਇਸ ਤਰ੍ਹਾਂ ਪੜ੍ਹਨਾ ਹੈ।ਅਜਿਹੇ ਪ੍ਰਾਣੀਆਂ ਨੂੰ ਇਲਾਹੀ ਬਾਣੀ ਦੇ ਰੰਗ ਰਸ ਮਾਨਣ ਦੀਆਂ ਕਥਾ ਕਹਾਣੀਆਂ ਕਰਨ ਦਾ ਕਦੀ ਖਿਆਲ ਹੀ ਨਹੀਂ ਆਉਂਦਾ।

ਇਹ ਸਭ ਕੁਝ ਕਿਉਂ ਹੋ ਰਿਹਾ ਹੈ? ਇਸ ਲਈ ਕੌਣ ਜ਼ੁੰਮੇਵਾਰ ਹੈ? ਜੇ ਕਰ ਇਸੇ ਤਰ੍ਹਾਂ ਹੀ ਹੁੰਦਾ ਰਿਹਾ ਤਾਂ ਇਹ ਗੁਰਬਾਣੀ ਨੂੰ ਸੋਧਣ ਵਾਲੇ ਵਿਅਕਤੀ,ਇਲਾਹੀ ਬਾਣੀ ਦਾ ਕਿਹੜਾ ਰੂਪ ਬਣਾ ਦੇਣਗੇ?ਇਸ ਵੱਲ ਧਿਆਨ ਦੇਣ ਦੀ ਲੋੜ ਹੈ। **ਕਿਧਰੇ ਐਸਾ ਨਾ ਹੋ ਜਾਵੇ ਕਿ ਜਿਵੇਂ ਅੱਜ ਦਸਮ ਗ੍ਰੰਥ ਦੀ ਸੱਚਾਈ ਲੱਭਣੀ ਔਖੀ ਹੋਈ ਪਈ ਹੈ, ਇਸੇ ਤਰ੍ਹਾਂ ਹੀ ਕਲ੍ਹ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਸਲੀ ਸਰੂਪ ਲੱਭਣ ਲਈ ਵੀ ਟੱਕਰਾਂ ਮਾਰਨੀਆਂ ਪੈਣ।....**

ਕਦੀ ਉਹ ਵੀ ਦਿਨ ਸੀ ਕਿ ਪੰਜਾਬ ਦੀ ਧਰਤੀ ਦਾ ਪਾਣੀ ਅੰਮ੍ਰਿਤ ਜਲ ਕਹਿ ਕੇ ਪੀਤਾ ਜਾਂਦਾ ਸੀ,ਖੂਹਾਂ ਦੀਆਂ ਮਣੀਆਂ ਉੱਤੇ ਦਲੀਏ ਦੀਆਂ ਦੇਗਾਂ ਸਜਾ ਕੇ ਜਲ ਦੇਵਤਾ ਦੀ ਪੂਜਾ ਕੀਤੀ ਜਾਂਦੀ ਸੀ ।ਪਰ ਅੱਜ ਪਾਣੀ ਦਾ ਕੀ ਹਾਲ ਹੈ?ਉਹ ਕਿਹੜੇ ਕਾਰਨ ਸੀ ਕਿ ਅੱਜ ਸਾਡੇ ਅੰਮ੍ਰਿਤ ਜਲ ਵਿੱਚ ਜ਼ਹਿਰ ਦੇ ਅੰਸ਼ ਦਿਖਾਈ ਦੇ ਰਹੇ ਹਨ,ਗੰਦਗੀ ਘੁਲੀ ਹੋਈ ਨਜ਼ਰ ਆ ਰਹੀ ਹੈ,ਬਸ! ਥੋੜ੍ਹੇ ਜਿਹੇ ਸੁਖ ਅਰਾਮ ਦੀ ਖਾਤਰ ਅਸੀਂ ' ਪਉਣ ਗੁਰੂ ਪਾਣੀ ਪਿਤਾ ਮਾਤਾ ਧਰਤ ਮਹਤ' ਦੀ ਸੁਚਮਤਾ,ਨਿਰਮਲਤਾ ਤੇ ਪਵਿਤਰਤਾ ਨੂੰ ਗੁਆ ਕੇ ਆਪਣੇ ਜੀਵਨ ਨੂੰ ਖਤਰਨਾਕ ਗੈਸਾਂ ਦੇ ਧੂਏਂ ਨਾਲ ਧੁਆਂਖ ਲਿਆ,ਜ਼ਹਿਰੀਲੇ ਪਾਣੀਆਂ ਨਾਲ ਕੈਂਸਰ ਵਰਗੇ ਭਿਆਨਕ ਰੋਗ ਖਰੀਦ ਲਏ ਤੇ ਧਰਤੀ ਮਾਂ ਨੂੰ ਬੰਜਰ ਬਣਾ ਲਿਆ,ਡਰ ਲਗਦਾ ਹੈ ਕਿ ਕਿਧਰੇ ਉਹੀ ਹਾਲ ਸਾਡੀ ਗੁਰਬਾਣੀ ਦਾ ਨਾ ਹੋ ਜਾਵੇ..,ਸਾਡੇ ਕੁਝ ਧਰਮ ਪ੍ਰਚਾਰਕਾਂ ਨੇ ਬਾਣੀ ਦੇ ਉਚਾਰਣ ਲਈ ਮਨਮਰਜ਼ੀਆਂ ਕਰਨ ਦੀ ਖੁਲ੍ਹੀ ਛੁਟੀ ਦੇ ਕੇ ਭਾਰੀ ਭੁਲ ਕੀਤੀ ਹੈ ਬੇਸਮਝ ਤੇ ਅਣਜਾਣ ਲੋਕ ਬਾਣੀ ਨੂੰ ਸ਼ਰਧਾ ਨਾਲ ਘੋਲ-ਘੁਮਾਈ ਹੋ ਕੇ ਪੜ੍ਹਨ ਦੀ ਥਾਂ ਬਾਣੀ ਨੂੰ ਸੋਧਣ ਦੇ ਚੱਕਰ ਵਿਚ ਬਾਣੀ ਦਾ ਮੂਲ ਸਰੂਪ ਹੀ ਬਦਲੀ ਜਾ ਰਹੇ ਹਨ ਤੇ ਦੂਜੇ ਪਾਸੇ ਸ਼ਰਰਾਤੀ ਅਨਸਰ (ਸਿਖ ਪੰਥ ਦੇ ਦੋਖੀ) ਸਾਡੀ ਇਸ ਕਮਜੋਰੀ ਦਾ ਪੂਰਾ ਪੂਰਾ ਫਾਇਦਾ ਉਠਾ ਕੇ ਸਾਡੇ ਧਰਮ ਗ੍ਰੰਥਾਂ ਨੂੰ ਤੇ ਸਿਖ ਇਤਿਹਾਸ ਦੀ ਸਚਾਈ ਨੂੰ ਗੰਧਲਾ ਕਰਨ ਵਿਚ ਕਾਮਯਾਬ ਹੋਈ ਜਾ ਰਹੇ ਹਨ।

ਬਾਣੀ ਦੀ ਪ੍ਰੇਮ ਡੋਰ ਵਿਚ ਬਝ ਕੇ ਤਾਂ ਅਸੀਂ ਖੰਡਾਂ ਬ੍ਰਹਮੰਡਾਂ ਦੀ ਸੈਰ ਕਰਨੀ ਹੈ,ਗੁਰਸਿਖੀ ਜੀਵਨ ਦੀਆਂ ਬਖਸ਼ਿਸ਼ਾਂ ਦੀ ਗੂੜ੍ਹੀ ਛਹਿਬਰ ਵਿਚ ਦਇਆ ਧਰਮ ਵਾਲਾ ਜੀਵਨ ਬਿਤਾਉਂਦਿਆਂ,ਅਸੀਂ ਪ੍ਰੇਮ-ਮੰਡਲ ਵਿੱਚ ਟਿਕਾਣਾ ਬਣਾਉਣਾਂ ਹੈ ਪੂਰਨ ਸ਼ਾਤੀ ਪ੍ਰਾਪਤ ਕਰਨੀ ਹੈ,ਅਨਹਦ ਬਾਣੀ ਦੀਆਂ ਅਨਹਦੀ ਧੁਨੀਆਂ ਵਿਚ ਗੁਆਚਣ ਲਈ ਕਰੜੀ ਘਾਲਣਾ ਘਾਲਣੀ ਹੈ,ਪਰ ਅਸੀਂ ਤਾਂ ਹਉਮੈ ਦੀਆਂ ਕੰਡਿਆਲੀਆਂ ਝਾੜੀਆਂ ਵਿਚ ਗੁਆਚ ਕੇ ਹੀ ਰਹਿ ਗਏ,ਸਾਡਾ ਧਿਆਨ ਤਾਂ ਇਸੇ ਪਾਸੇ ਹੀ ਲੱਗਿਆ ਰਿਹਾ ਕਿ ਬਾਣੀ ਨੂੰ ਸੋਧਣਾ ਕਿਵੇਂ ਹੈ ਸਾਡੀ ਹਉਮੈ ਦੇ ਕੰਡੇ ਤਾਂ ਹੋਰ ਭੀ ਤਿਖੇ ਤੇ ਮਜਬੂਤ ਹੋ ਗਏ .ਅਸੀਂ ਅੰਮ੍ਰਿਤ ਬਾਣੀ ਦੇ ਰੰਗ ਰਸ ਦੇ ਲਾਹੇ ਲੈਣ ਵਿਚ ਘਾਟਾ ਖਾ ਗਏ

ਸਾਡੇ ਸਤਵੇਂ ਪਾਤਿਸ਼ਾਹ ਨੇ ਨਿਰੰਕਾਰੀ ਬਾਣੀ ਵਿਚ ਦਖਲ ਅੰਦਾਜ਼ੀ ਕਰਨ 'ਤੇ ਆਪਣੇ ਪੁਤਰ ਦੇ ਮਥੇ ਲਗਣ ਤੋਂ ਇਨਕਾਰ ਕਰ ਦਿਤਾ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਕ ਸਿੰਘ ਕੋਲੋਂ ਬਾਣੀ ਦੇ ਉਚਾਰਣ ਵਿਚ ਲਾਮਾਂ ਦੁਲਾਮਾਂ ਦੀ ਗਲਤੀ ਸੁਣ ਕੇ ਉਸਨੂੰ ਸਜ਼ਾ ਦਾ ਭਾਗੀਦਾਰ ਬਣਾਇਆ ਤੇ ਇਸ ਗਲ ਦੀ ਸੋਝੀ ਦੁਆਈ ਕਿ ਅਜਿਹਾ ਕਰਨ ਨਾਲ ਬਾਣੀ ਦੇ ਅਰਥਾਂ ਵਿਚ ਫਰਕ ਪੈ ਜਾਂਦਾ ਹੈ

ਹਾਏ...!ਇਨ੍ਹਾਂ ਬਾਣੀ ਸੋਧਣ ਵਾਲਿਆਂ ਦਾ ਕੀ ਹਾਲ ਹੋਵੇਗਾ...? ਧੁਰ ਕੀ ਬਾਣੀ ਦਾ ਮੂਲ ਸਰੂਪ ਬਦਲ ਕੇ ਭੋਲੇ ਭਾਲੇ ਬਚਿਆਂ ਨੂੰ ਸੰਥਿਆ ਦੇਣ ਵਾਲਿਆਂ ਦਾ ਕੀ ਬਣੇਗਾ..?ਬਚਿਆਂ ਦੇ ਦਿਲ ਤਾਂ ਗੁਲਾਬ ਦੀਆਂ ਕੋਮਲ ਪਤੀਆਂ ਵਰਗੇ ਹੁੰਦੇ ਹਨ ਇਨ੍ਹਾਂ ਸੋਹਲ ਪਤੀਆਂ ਨੂੰ ਸ਼ਰਧਾ ਦੇ ਪ੍ਰੇਮ-ਰਸ ਨਾਲ ਸਿੰਜਣ ਦੀ ਥਾਂ ਸੋਧਣ ਸ਼ਕਤੀ ਦੀ ਹਉਮੈ ਦੇ ਧੂੰਏਂ ਨਾਲ ਧਆਂਖਣ ਵਾਲੇ ਕਿਦਾਂ ਬਖਸ਼ਾਏ ਜਾਣਗੇ? ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੂਲ ਸਰੂਪ ਨੂੰ ਖਤਰੇ ਦੀ ਸਚਾਈ ਤੋਂ ਅਣਜਾਣ ਭੋਲੀ ਭਾਲੀ ਸੰਗਤ ਨੂੰ ਬਾਣੀ ਸੋਧਣ ਦੀ ਸੰਥਿਆ ਦੇਣ ਵਾਲੇ ਗੁਰੂ ਜੀ ਦੀਆਂ ਕਿਹੜੀਆਂ ਖੁਸ਼ੀਆਂ ਪ੍ਰਾਪਤ ਕਰ ਲੈਣਗੇ..?

ਵਾਹਿਗੁਰੂ ਕਿਰਪਾ ਕਰੇ..!ਇਨ੍ਹਾਂ ਭੁਲੇ ਭਟਕਿਆਂ ਨੂੰ ਆਪਣੀ ਗਲਤੀ ਦੀ ਸੋਝੀ ਹੋ ਜਾਵੇ! ਗੁਰਬਾਣੀ ਨੂੰ ਸੋਧਣ ਦੇ ਕੰਮ ਤੋਂ ਵੇਹਲੇ ਹੋ ਕੇ, ਇਹ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਵਰਗੀਆਂ ਰੂਹਾਨੀ ਸ਼ਖਸੀਅਤਾਂ ਦੇ ਲਿਖੇ ਹੋਏ ਗੁਰਬਾਣੀ ਦੇ ਟੀਕਿਆਂ ਦੀ ਸਹਾਇਤਾ ਨਾਲ ਗੁਰਬਾਣੀ ਦੇ ਅਰਥ ਜਾਣ ਕੇ ਗਿਆਨ-ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਤੇ ਫਿਰ ਸੰਗਤਾਂ ਨੂੰ ਗੁਰਬਾਣੀ ਦੀ ਸੰਥਿਆ ਦਿੰਦੇ ਹੋਏ ਆਪ ਵੀ ਇਲਾਹੀ ਬਾਣੀ ਦੇ ਰੰਗ ਮਾਨਣ ਤੇ ਸੰਗਤਾਂ ਨੂੰ ਵੀ ਬਾਣੀ ਰਾਹੀਂ ਆਤਮ-ਰੰਗ ਵਿਚ ਭਿਜਣ ਦੀ ਜਾਚ ਸਿਖਾਉਂਦੇ ਹੋਏ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ..!

ਪ੍ਰਾਚੀਨ ਕਾਲ ਵਿੱਚ ਵੇਦਾਂ ਦਾ ਮੂਲ ਸਰੂਪ ਸੁਰੱਖਿਅਤ ਰੱਖਣ ਲਈ ਅਨਪੜ੍ਹ ਬੰਦਿਆਂ ਨੂੰ ਵੇਦ ਮੰਤ੍ਰ ਉਚਾਰਣ ਦੀ ਮਨਾਹੀ ਕੀਤੀ ਗਈ ਸੀ।ਹੋ ਸਕਦਾ ਹੈ ਕਿ ਉਸ ਵੇਲੇ ਵੀ ਕੋਈ ਇਹੋ ਜਿਹੇ ਹਾਲਾਤ ਪੈਦਾ ਹੋ ਗਏ ਹੋਣਗੇ ਕਿ ਅਨਪੜ੍ਹ ਤੇ ਸ਼ਰਾਰਤੀ ਅਨਸਰਾਂ ਕੋਲੋਂ ਵੇਦਾਂ ਦੇ ਮੂਲ ਸਰੂਪ ਨੂੰ ਕੋਈ ਖਤਰਾ ਪੈਦਾ ਹੋ ਗਿਆ ਹੋਵੇਗਾ,(ਜਿਵੇਂ ਕਿ ਅੱਜ ਕਲ੍ਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਾਲਾਤ ਬਣੇ ਹੋਏ ਹਨ)ਜੇਕਰ ਉਸ ਵੇਲੇ ਸਖਤੀ ਕਰਨ ਦਾ ਸਹੀ ਕਦਮ ਪੁਟਣ ਵਿਚ ਢਿਲ ਹੋ ਜਾਂਦੀ ਤਾਂ ਵੇਦਾਂ ਦਾ ਅਨਮੋਲ ਸਰਮਾਇਆ ਅਣਭੋਲ ਤੇ ਸ਼ਰਾਰਤੀ ਅੰਸਰਾਂ ਦੇ ਹਥੋਂ ਲੁਟਿਆ ਜਾਣਾ ਸੀ ਅਜ ਵੇਦ ਨਹੀਂ ਸੀ ਲਭਣੇ ਹਾਲਾਤ ਅਨੁਸਾਰ ਕੀਤੇ ਫੈਸਲੇ ਮੁਤਾਬਕ ਸਿਰਫ ਪੰਡਿਤ ਲੋਕ ਹੀ ਵੇਦ ਮੰਤ੍ਰ ਪੜ੍ਹ ਲਿਖ ਸਕਦੇ ਸੀ।ਖੈਰ! ਇਹ ਯਤਨ ਵੇਦਾਂ ਦੀ ਸੁੱਚਮਤਾ ਨੂੰ ਕਾਇਮ ਰੱਖਣ ਵਿੱਚ ਪੂਰੀ ਤਰ੍ਹਾਂ ਕਾਮਯਾਬ ਰਿਹਾ।ਸ਼ੁਕਰ ਹੈ ਸਮੇ ਦੇ ਵਿਦਵਾਨਾਂ ਨੇ ਮੌਕਾ ਸੰਭਾਲ ਕੇ ਕੁਝ ਸਖਤੀ ਵਰਤ ਕੇ ਵੇਦਾਂ ਦਾ ਮੂਲ ਸਰੂਪ ਬਚਾ ਲਿਆ

**ਇਸ ਵੇਲੇ ਬਾਣੀ ਨੂੰ ਸੋਧ ਕੇ ਪੜ੍ਹਨ ਦੇ ਬੁਰੇ ਅਸਰਾਂ ਤੋਂ ਸਾਰੀ ਸੰਗਤ ਜਾਣੂ ਨਹੀਂ ਹੈ।ਇਹ ਨੁਕਸਾਨ ਦਰਿਆ ਦੇ ਬ੍ਹੰਨ ਵਿੱਚ ਇਕ ਛੋਟੀ ਜਿਹੀ ਮੋਰੀ ਹੋ ਜਾਣ ਦੇ ਬਰਾਬਰ ਹੀ ਹੈ।ਨਿੱਕੀ ਜਿੰਨੀ ਮੋਰੀ ਹੋ ਜਾਣ ਨਾਲ ਪਾਣੀ ਦਾ ਵਹਾਓ ਰੁਕਦਾ ਨਹੀਂ ਹੈ,ਪਰ ਪਾਣੀ ਦੇ ਰੋੜ੍ਹ ਨੇ ਇਕ ਦਿਨ ਇਸ ਸੂਈ ਦੀ ਨੋਕ ਜਿੰਨੀ ਮੋਰੀ ਦਾ ਵੀ ਮਘੋਰਾ ਬਣਾ ਦੇਣਾ ਹੈ ਤੇ ਫਿਰ ਦੇਖਦਿਆਂ-ਦੇਖਦਿਆਂ ਸਾਰਾ ਬ੍ਹੰਨ ਰੁੜ੍ਹ ਜਾਣਾ ਹੈ।ਜੇ ਵੇਲਾ ਨਾ ਸੰਭਾਲਿਆ ਤਾਂ ਬਾਣੀ ਦੀ ਸੁਚਮਤਾ ਦਾ ਬੰਨ੍ਹ ਵੀ ਖੁਰ ਜਾਣਾ ਹੈ।**

ਸਾਡੇ ਕੁਝ ਧਰਮ ਪ੍ਰਚਾਰਕਾਂ ਨੇ ਸਕੂਲਾਂ ਕਾਲਜਾਂ ਵਿੱਚ ਧਾਰਮਿਕ ਵਿੱਦਿਆ ਦੇ ਇਮਤਿਹਾਨਾਂ ਦਾ ਜਾਲ ਵਿਛਾ ਕੇ ਗੁਰਸਿੱਖੀ ਦੇ ਪ੍ਰਚਾਰ ਲਈ ਬੜੀ ਘਾਲਣਾ ਘਾਲੀ ਹੈ। ਉਨ੍ਹਾਂ ਦਾ ਇਹ ਉਦਮ ਸ਼ਲਾਘਾ ਯੋਗ ਹੈ ਪਰ ਜੇ ਦੂਰ ਅੰਦੇਸ਼ੀ ਨਾਲ ਸੋਚਿਆ ਜਾਵੇ ਤਾਂ ਸਾਫ ਦਿਖਾਈ ਦੇ ਰਿਹਾ ਹੈ ਕਿ ਉਨ੍ਹਾਂ ਦੇ ਬਾਣੀ ਸੋਧਣ ਦੇ ਢੰਗ ਅਪਣਾਉਣ ਨਾਲ ਕੁਝ ਬੇਸਮਝ ਅਤੇ ਸ਼ਰਾਰਤੀ ਲੋਕਾਂ ਰਾਹੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਮੂਲ ਸਰੂਪ ਵਿਗਾੜਨ ਦੀ ਰਸਮ ਪੈਦਾ ਹੋ ਰਹੀ ਹੈ ,ਹੌਲੀ ਹੌਲੀ ਲਿਖਤ ਰੂਪ ਵਿੱਚ ਵੀ ਆਪਣੀ ਮਰਜ਼ੀ ਦੇ ਕਿਲ ਠੋਕਣ ਦੀ ਰੀਤ ਸ਼ੁਰੂ ਹੋ ਰਹੀ ਹੈ। ਨਿਤਨੇਮ ਦੇ ਕਈ ਗੁਟਕਿਆਂ ਵਿਚ ਬਾਣੀ ਦੇ ਥਲੇ, ਫੁਟ ਨੋਟਾਂ ਵਿਚ ਹਰ ਪੰਨੇਂ ਉਤੇ ਆਪਣੀ ਮਤਿ ਅਨੁਸਾਰ ਲਗਾਂ ਮਾਤਰਾਂ ਦੀ ਵਰਤੋਂ ਕਰਕੇ ਸ਼ਬਦਾਂ ਦਾ ਉਚਾਰਣ ਕਰਨ ਦਾ ਅਦੇਸ਼ ਦਿਤਾ ਜਾ ਰਿਹਾ ਹੈ।ਆਖਰ..!ਇਸ ਬਿਮਾਰੀ ਦਾ ਅੰਤ ਕੀ ਹੋਵੇਗਾ ? ਡਰ ਲਗਦਾ ਹੈ...!ਕਿਧਰੇ ਇਹ ਵੀ ਪੰਜਾਬ ਦੇ ਪਾਣੀਆਂ ਵਾਲੀ ਗਲ ਨਾ ਬਣ ਜਾਵੇ,....ਸਾਡੇ ਪ੍ਰਚਾਰਕਾਂ ਦੀ ਬਾਣੀ ਸੋਧਣ ਦੀ ਸੋਚ, ਅੰਮ੍ਰਿਤ ਬਾਣੀ ਦੇ ਰੰਗ ਰਸ ਨੂੰ ਖਾ ਹੀ ਨਾ ਜਾਵੇ।

ਕਈ ਵਾਰੀ ਥੋੜ੍ਹੀ ਜਿੰਨੀ ਪ੍ਰੇਸ਼ਾਨੀ ਜਾਂ ਦੁਖ ਦਰਦ ਤੋਂ ਬਚਣ ਲਈ ਲੋਕੀਂ ਨਸ਼ਾ ਖਾਣ ਲਗ ਪੈਂਦੇ ਹਨ ਹੌਲੀ ਹੌਲੀ ਇਹ ਨਸ਼ਾ ਉਨ੍ਹਾਂ ਦੀ ਆਦਤ ਬਣ ਜਾਂਦਾ ਹੈ ਤੇ ਫਿਰ ਸਲੋ ਪਾਇਜ਼ਨਿੰਗ ਬਣ ਕੇ ਉਨ੍ਹਾਂ ਦੀ ਜਾਨ ਦਾ ਦੁਸ਼ਮਣ ਬਣ ਜਾਂਦਾ ਹੈ ,ਇਸੇ ਤਰ੍ਹਾਂ ਹੀ ਬਾਣੀ ਦੇ ਰਚਨਹਾਰਿਆਂ ਦੇ ਸਮੇ ਦੀ ਪੁਰਾਣੀ ਬੋਲੀ ਜਾਨਣ ਦੀ ਮੇਹਨਤ ਕਰਨ ਦੀ ਖੇਚਲ ਤੋਂ ਬਚਣ ਲਈ,ਬਾਣੀ ਵਿਚ ਦਖਲ ਅੰਦਾਜ਼ੀ ਕਰਨ ਦੀ ਖੁਲ੍ਹ ਦੇਣ ਦੀ ਰੀਤ ਚਲਾਉਣੀ, ਬਾਣੀ ਲਈ ਸਲੋ ਪਾਇਜ਼ਨਿੰਗ ਸਾਬਤ ਹੋ ਸਕਦੀ ਹੈ ,ਇਹ ਠੀਕ ਹੈ ਕਿ ਬੋਲੀ ਦੇ ਵਿਕਾਸ ਕਾਰਨ ਗੁਰਬਾਣੀ ਦੇ ਕੁਝ ਸ਼ਬਦਾਂ ਦੀ ਰੂਪ ਰੇਖਾ ਵਿਚ ਅਜ ਦੀ ਪੰਜਾਬੀ ਨਾਲੋਂ ਫਰਕ ਪਿਆ ਹੈ ਅਤੇ ਸਾਡੇ ਧਰਮ ਪ੍ਰਚਾਰਕ ਇਸ ਫਰਕ ਨੂੰ ਮਿਟਾ ਕੇ ਬਾਣੀ ਨੂੰ ਸੌਖੀ ਤਰ੍ਹਾਂ ਸਮਝਣ ਲਈ ਬਾਣੀ ਦਾ ਉਚਾਰਣ ਬਦਲਣ ਵਿਚ ਜੁਟੇ ਹੋਏ ਹਨ ਪਰ ਉਹ ਇਹ ਨਹੀਂ ਸੋਚਦੇ ਕਿ ਇਸ ਖੁਲ੍ਹ ਦਾ ਨਤੀਜਾ ਕੀ ਨਿਕਲੇਗਾ?ਗੁਰੂ ਦਾ ਪ੍ਰੇਮ,ਬਾਣੀ ਦਾ ਪ੍ਰੇਮ ਤੇ ਆਪਣੇ ਧਰਮ ਦਾ ਪ੍ਰੇਮ ਸਾਨੂੰ ਉਸੇ ਪਾਸੇ ਹੀ ਰੁੜ੍ਹਾ ਕੇ ਲੈ ਜਾਂਦਾ ਹੈ ਜਿਧਰ ਸਾਡੇ ਧਰਮ ਪ੍ਰਚਾਰਕ ਇਸ਼ਾਰਾ ਕਰਦੇ ਹੋਣ ਤੇ ਕਈ ਵਾਰੀ ਧਰਮ ਪ੍ਰਚਾਰਕਾਂ ਦੀਆਂ ਕੀਤੀਆਂ ਗਲਤੀਆਂ ਲੈ ਡੋਬਦੀਆਂ ਹਨ ਅਸੀਂ ਚਮਕਦੇ ਲਿਸ਼ਕਦੇ ਉਚੀਆਂ ਮੰਜਲਾਂ ਵਾਲੇ ਗੁਰਦੁਆਰੇ ਤਾਂ ਬਹੁਤ ਬਣਾ ਲਏ ਹਨ ਪਰ ਉਨ੍ਹਾਂ ਵਿਚ ਬੈਠਾਉਣ ਵਾਲੇ ਗ੍ਰੰਥੀਆਂ ਨੂੰ ਸਾਡੇ ਧਰਮ ਪ੍ਰਚਾਰਕਾਂ ਨੇ ਬਾਣੀ ਸੋਧਣ ਦੇ ਪਾਸੇ ਲਗਾ ਕੇ ਕਿਸੇ ਹੋਰ ਹੀ ਪਾਸੇ ਤੋਰ ਦਿਤਾ ਹੈ, ਇਕ ਦਿਨ ਇਕ ਪਿੰਡ ਦੇ ਆਲੀਸ਼ਾਨ ਗੁਰਦੁਆਰੇ ਵਿਚੋਂ ਲਾਉਡ ਸਪੀਕਰ ਰਾਹੀਂ ਸਾਰੇ ਪਿੰਡ ਨੂੰ ਸੁਣਾਉਂਦਾ ਹੋਇਆ, ਗ੍ਰੰਥੀ ਸਿੰਘ ਬਾਣੀ ਵਿਚ ਵਧ ਤੋਂ ਵਧ ਸੁਧਾਰ ਕਰਨ ਦੀ ਨੀਅਤ ਨਾਲ ਬਾਣੀ ਦਾ ਉਚਾਰਣ ਕਰਦਾ ਹੋਇਆ **ਬਬੀਹਾ ਅੰਮ੍ਰਿਤ ਵੇਲੇ ਬੋਲਿਆ ਨੂੰ ਬਬਈਆ ਅੰਮ੍ਰਿਤ ਵੇਲੇ ਬੋਲਿਆ** ਕਹਿ ਕੇ ਆਪਣੀ ਵਿਦਵਤਾ ਦੀ ਧਾਂਕ ਜਮਾ ਰਿਹਾ ਸੀ .ਕੀ ਬਾਣੀ ਨੂੰ ਸੋਧਣ ਦੀ ਰੀਤ ਚਲਾਉਣ ਵਾਲੇ ਪ੍ਰਚਾਰਕ ਅਜ ਇਨ੍ਹਾਂ ਬਬੀਹਾ ਨੂੰ ਬਬਈਆ ਕਹਿਣ ਵਾਲੇ ਗ੍ਰੰਥੀਆਂ ਦੇ ਗੁਨਾਹਾਂ ਨੂੰ ਕਬੂਲ ਕਰਦੇ ਹਨ..?

ਕੁਰਾਨ ਵਿੱਚ ਤਬਦੀਲੀ ਕਰਨ ਦਾ ਕੋਈ ਸੁਪਨਾ ਵੀ ਨਹੀਂ ਲੈ ਸਕਦਾ।ਮੁਸਲਮਾਨਾਂ ਨੇ ਸਦੀਆਂ ਪੁਰਾਣੇ ਕੁਰਾਨ ਦਾ ਮੂਲ ਸਰੂਪ ਬਚਾ ਕੇ ਰੱਖਿਆ ਹੈ।ਮਾਂ ਬਾਪ ਬਚਿਆਂ ਨੂੰ ਕੁਰਾਨ ਪੜ੍ਹਾਉਣਾ ਆਪਣਾ ਪਹਿਲਾ ਫਰਜ਼ ਸਮਝਦੇ ਹਨ,ਛੋਟੀ ਤੋਂ ਛੋਟੀ ਉਮਰ ਵਿਚ ਬਚੇ ਨੂੰ ਪੂਰਾ ਕੁਰਾਨ ਪੜ੍ਹਉਣ ਵਿਚ ਆਪਣੇ ਧਾਰਮਿਕ ਫਰਜ਼ਾਂ ਦੀ ਪੂਰਤੀ ਸਮਝਦੇ ਹਨ,ਖਾਸ ਗਲ ਇਹ ਕਿ

ਬੇਸ਼ਕ ਮਾਂ ਬਾਪ ਨੇ ਕੁਰਾਨ ਪੜ੍ਹਿਆ ਹੋਇਆ ਹੁੰਦਾ ਹੈ ਫਿਰ ਵੀ ਉਹ ਬਚੇ ਦੀ ਧਾਰਮਿਕ ਸਿਖਿਆ ਦੀ ਸ਼ੁਰੂਆਤ ਮੌਲਵੀ (ਧਾਰਮਿਕ ਟੀਚਰ ) ਤੋਂ ਹੀ ਕਰਵਾਉਂਦੇ ਹਨ,ਕਿਉਂਕਿ ਮਾਂ ਬਾਪ ਨੇ ਜੀਵਨ ਵਿਚ ਕੁਰਾਨ ਦੀ ਪੜ੍ਹਈ ਤੋਂ ਬਿਨਾ ਰੋਟੀ ਰੋਜ਼ੀ ਲਈ ਹੋਰ ਕੰਮ ਵੀ ਕਰਨੇ ਹੁੰਦੇ ਹਨ,ਇਸ ਲਈ ਉਹ ਕੁਰਾਨ ਦੀ ਸਿਖਿਆ ਵਿਚ ਅਧੂਰੇ ਹੋ ਸਕਦੇ ਹਨ ਪਰ ਇਕ ਧਾਰਮਿਕ ਟੀਚਰ (ਮੌਲਵੀ) ਜਿਸ ਨੇ ਧਾਰਮਿਕ ਜੀਵਨ ਗੁਜਾਰਦਿਆਂ ਹੋਇਆਂ ਤੇ ਧਾਰਮਿਕ ਪਹਿਰਾਵਾ ਪਾਉਂਦਿਆਂ ਹੋਇਆਂ,ਧਰਮ ਪ੍ਰਚਾਰ ਹੀ ਕਰਨਾ ਹੈ ਉਸਦੀ ਸਿਖਿਆ ਨਾਲ ਜ਼ਿਆਦਾ ਕੁਰਾਨ ਦੀ ਸਿਖਿਆ ਨਾਲ ਬਚੇ ਦੀ ਸਿਖਿਆ ਵਿਚ ਕੋਈ ਕਮੀ ਨਹੀਂ ਰਹੇਗੀ।ਇਹੀ ਕਾਰਨ ਹੈ ਕਿ ਮੁਸਲਿਮ ਧਰਮ ਵਿਚ ਢਿਲਤਾ ਲਈ ਕੋਈ ਥਾਂ ਨਹੀਂ ਹੈ ਤੇ ਬੱਚਿਆਂ ਨੂੰ ਵੀ ਇਸ ਗਲ ਦਾ ਪੂਰਾ ਗਿਆਨ ਹੈ ਕਿ ਕੁਰਾਨ ਵਿੱਚ ਆਪਣੀ ਮਰਜ਼ੀ ਨਾਲ ਕੁਝ ਲਿਖਣ ਜਾਂ ਉਚਾਰਣ ਕਰਨ ਨਾਲ ਅੱਲ੍ਹਾ ਦੇ ਸੰਦੇਸ਼ ਵਿੱਚ ਫਰਕ ਪੈ ਜਾਂਦਾ ਹੈ।

ਕੀ ਹਿੰਦੂਆਂ ਦੇ ਵੇਦਾਂ ਪੁਰਾਣਾਂ ਵਿੱਚ ਤਬਦੀਲੀ ਕਰਨ ਦੀ ਕੋਈ ਸੋਚ ਸਕਦਾ ਹੈ..?ਵੇਦ ਪੁਰਾਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਹਜਾਰਾਂ ਸਾਲ ਪੁਰਾਣੀਆਂ ਲਿਖਤਾਂ ਹਨ.ਉਨ੍ਹਾਂ ਦਾ ਮੂਲ ਸਰੂਪ ਕਾਇਮ ਹੈ।ਉਹ ਸੱਚੀਆਂ ਹਨ,ਸੁੱਚੀਆਂ ਹਨ ਕਿਉਂਕਿ ਕਿਸੇ ਪਰਾਈ ਸੋਚ ਨੇ ਉਨ੍ਹਾਂ ਨੂੰ ਜੂਠਿਆਂ ਨਹੀਂ ਕੀਤਾ।ਕਿਸੇ ਮਨਮਤੀਏ ਦੀ ਹਿੰਮਤ ਨਹੀਂ ਪਈ ਕਿ ਵੇਦ-ਬਾਣੀ ਵਿਚ ਆਪਣੀ ਮਤਿ ਦੀ ਛਾਪ ਛੱਡਣ ਲਈ ਕੋਈ ਲਗਾਂ ਮਾਤਰਾਂ ਵਿਚ ਜਾਂ ਸ਼ਬਦਾਂ ਵਿਚ ਬਦਲਾਵ ਕਰ ਸਕੇ,ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅੰਮ੍ਰਿਤ ਬਾਣੀ ਦਾ ਉਚਾਰਣ ਕਰਨ ਲੱਗਿਆਂ ਸਾਨੂੰ ਆਪਣੀ ਸੋਚ ਦੇ ਠੱਪੇ ਲਗਾ ਕੇ ਲਗਾਂ-ਮਾਤਰਾਂ ਦਾ ਫਰਕ ਕਰਨਾ ਕਿਉਂ ਸਿਖਾਇਆ ਜਾਂਦਾ ਹੈ?

**ਜਿਨ੍ਹਾਂ ਨੂੰ ਆਪਣੀ ਸੰਸਕ੍ਰਿਤੀ ਨਾਲ ਪਿਆਰ ਹੁੰਦਾ ਹੈ, ਉਹ ਆਪਣੇ ਧਰਮ ਗ੍ਰੰਥਾਂ ਦੀ ਪ੍ਰਾਚੀਨ ਬੋਲੀ ਪੜ੍ਹਨੀ ਅਤੇ ਲਿਖਣੀ ਸਿੱਖ ਲੈਂਦੇ ਹਨ ਤੇ ਧਰਮ ਗ੍ਰੰਥਾਂ ਦਾ ਮੂਲ ਸਰੂਪ ਬਚਾ ਕੇ ਰੱਖਦੇ ਹਨ।ਬੇਸ਼ਕ ਉਨ੍ਹਾਂ ਨੂੰ ਕਿੰਨੀਆਂ ਹੀ ਮੇਹਨਤਾਂ ਮੁਸ਼ੱਕਤਾਂ ਕਰਨੀਆਂ ਪੈਣ,ਉਹ ਹਾਰਦੇ ਨਹੀਂ।ਜਦੋਂ ਗੁਰਬਾਣੀ ਦੇ ਰੰਗ ਰਸ ਮਾਨਣ ਦੀ ਭੁੱਖ ਲਗਦੀ ਹੈ ਤਾਂ ਗੁਰਸਿੱਖ ਆਪਣੇ ਗੁਰੂਆਂ ਦੇ ਸਮੇਂ ਵਿੱਚ ਬੋਲੀ ਜਾਣ ਵਾਲੀ ਬੋਲੀ ਨੂੰ ਬੜੇ ਚਾਵਾਂ ਨਾਲ ਸਿੱਖਦਾ ਹੈ।ਅਸਲ ਵਿਚ ਜੇ ਅਸੀਂ ਸਚੇ ਦਿਲ ਨਾਲ** ਗੁਰੂ ਦੀ ਸ਼ਰਣ ਵਿੱਚ ਢਹਿ ਪਈਏ ਤਾਂ ਸਮਰੱਥ ਗੁਰੂ ਸਾਡੇ ਹਿਰਦਿਆਂ ਵਿੱਚ ਬਾਣੀ ਦੇ ਭਾਵ ਪ੍ਰਗਟ ਕਰਨ ਵਿੱਚ ਆਪ ਸਹਾਈ ਹੁੰਦਾ ਹੈ।ਦੁਨੀਆਂ ਦੇ ਬਾਕੀ ਸਭ ਧਰਮ ਗ੍ਰੰਥ ਸਤਿਕਾਰ ਯੋਗ ਹਨ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਾਕੀ ਦੁਨੀਆਂ ਦੇ ਸਭ ਧਾਰਮਿਕ ਗ੍ਰੰਥਾਂ ਨਾਲੋਂ ਵਖਰੀ ਕਿਸਮ ਨਾਲ ਇਕ ਜੀਉਂਦੀ ਜਾਗਦੀ ਸ਼ਖਸੀਅਤ ਵਾਂਗੂੰ ਪ੍ਰਗਟ ਪ੍ਰਤਾਪ ਹੋਣ ਦੀ ਸਚਾਈ ਨੂੰ **ਭਾਰਤ ਦੀ ਸੁਪਰੀਮ ਕੋਰਟ ਦੁਨੀਆਂ ਨੂੰ ਇਹ ਫੈਸਲਾ ਸੁਣਾ ਚੁਕੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਿੱਖਾਂ ਲਈ ਅਤੇ ਨਾਨ ਸਿੱਖਾਂ ਲਈ ਜੀਉਂਦੀ ਜਾਗਦੀ ਸ਼ਖਸੀਅਤ ਹੈ।**

In a judgment entitled Shiromani Gurdwara Parbandhak Committee Amritsar v. Som Nath Dass and others[1] delivered on March 29, 2000, the Supreme Court

of India has held that Sri Guru Granth Sahib is a juristic person.... The Court held categorically that Guru Granth Sahib could not be equated with an idol, as idol worship is contrary to the Sikh principles. Thus, it clearly maintains and upholds the separate, unique and independent identity of Sikhism. It was held that no doubt, the Sikh scripture is a sacred book but it cannot be equated with the sacred books of other religions as the reverence of Guru Granth Sahib is based on different conceptual faith, belief and application. It is the living and eternal Guru of Sikhs. Before referring to the arguments of the parties, the Court examined the Sikh history and principles to hold Guru Granth Sahib a juristic person. It noted, "Sikhism grew because of the vibrating divinity of Guru Nanak ji and the succeeding Gurus, and the wealth of all their teachings is contained in 'Guru Granth Sahib'. The last of the living Gurus was Guru Gobind Singh ji who recorded the sanctity of 'Guru Granth Sahib' and gave it the recognition of a living Guru. Thereafter it remained not only a sacred book but is reckoned as a living Guru."[22]

AIR 1973 P&H 470[22] para

ਸ਼ਰਧਾ ਭਾਵਨਾ ਵਾਲੀ ਗੱਲ ਹੋਵੇ ਤਾਂ ਸਿਰ ਉਚਾ ਕਰਨ ਦੀ ਹਿੰਮਤ ਹੀ ਨਹੀਂ ਪੈਂਦੀ।ਸੋਧਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ।ਅਸੀਂ ਆਪਣੇ ਬੱਚਿਆਂ ਨੂੰ ਧਾਰਮਿਕ ਰੰਗ ਵਿਚ ਰੰਗਣ ਲਈ ਉਨ੍ਹਾਂ ਸਕੂਲਾਂ ਵਿਚ ਦਾਖਲ ਕਰਵਾਉਂਦੇ ਹਾਂ ਜਿਥੇ ਧਾਰਮਿਕ ਵਿਦਿਆ ਪੜ੍ਹਈ

---

ਜਾਂਦੀ ਹੈ ਪਰ ਬੜੇ ਦੁਖ ਦੀ ਗਲ ਹੈ ਕਿ ਕੁਝ ਧਾਰਮਿਕ ਸੰਸਥਾਵਾਂ ਬੱਚਿਆਂ ਦੇ ਕੋਮਲ ਹਿਰਦਿਆਂ ਵਿਚ ਗੁਰਬਾਣੀ ਪ੍ਰਤੀ ਸ਼ਰਧਾ ਤੇ ਪ੍ਰੇਮ ਦੀ ਜੋਤ ਜਗਾਉਣ ਦੀ ਥਾਂ ਬਾਣੀ ਨੂੰ ਸੋਧਣ ਦੀਆਂ ਡਿਗਰੀਆਂ ਦਿਤੀਆਂ ਜਾਂਦੀਆਂ ਹਨ।ਚੰਗੀ ਗੱਲ ਹੈ ਜੇ ਬੱਚਿਆਂ ਨੂੰ ਬਾਣੀ ਸੋਧਣ ਲਈ ਇਕ ਇਕ ਲਫਜ਼ ਨੂੰ ਰੱਟੇ ਲਗਵਾਉਣ ਦੀ ਥਾਂ ਬੋਲੀ ਦੇ ਵਿਕਾਸ ਦੀ ਗੱਲ ਸਮਝਾ ਦਿਤੀ ਜਾਵੇ.. ।ਬੱਚੇ ਕੁਦਰਤੀ ਢਾਂਚੇ ਨੂੰ ਬੜੀ ਅਸਾਨੀ ਨਾਲ ਤੇ ਛੇਤੀ ਹੀ ਸਮਝ ਲੈਂਦੇ ਹਨ ਗੁਰੂਆਂ ਦੇ ਜੀਵਨ ਕਾਲ ਦੀ ਪੁਰਾਣੀ ਬੋਲੀ ਤੇ ਹੁਣ ਦੀ ਬੋਲੀ ਦਾ ਅੰਤਰ ਸਮਝ ਕੇ ਉਹ ਆਪਣੇ ਪਿਆਰੇ ਗੁਰੂਆਂ ਦੀ ਯਾਦ ਵਿਚ ਰਹਿ ਕੇ ਚਾਈਂ ਚਾਈਂ ਗੁਰੂਆਂ ਦੀ ਬੋਲੀ ਸਿੱਖ ਲੈਣਗੇ।ਜੇਕਰ ਕਿਸੇ ਬੱਚੇ ਦੇ ਬਚਪਨ ਦੇ ਕੋਰੇ ਕਾਗਜ਼ ਉਤੇ ਅੰਮ੍ਰਿਤ ਬਾਣੀ ਲਿਖ ਹੋ ਜਾਵੇ ਤਾਂ ਉਸਦਾ ਜੀਵਨ ਅਤਮ-ਰੰਗ ਤੋਂ ਸੱਖਣਾਂ ਨਹੀਂ ਰਹਿ ਸਕਦਾ ਪਰ ਜੇ ਬੱਚੇ ਦਾ ਧਿਆਨ ਬਾਣੀ ਸੋਧਣ ਵਿਚ ਲਗਾ ਦਿਓ ਤਾਂ ਫਿਰ ਉਹ ਗਲ ਨਹੀਂ ਬਣਦੀ।ਜੇ ਬੱਚੇ ਦੇ ਮਨ ਵਿਚ ਇਹ ਗੱਲ ਬੈਠ ਜਾਵੇ ਕਿ ਬਾਣੀ ਵਿਚ ਕਮੀਆਂ ਰਹਿ ਗਈਆਂ ਹਨ ਤੇ ਮੈਂ ਉਨ੍ਹਾਂ ਕਮੀਆਂ ਨੂੰ ਪੂਰਾ ਕਰਕੇ ਉਚਾਰਣ ਕਰਨਾ ਹੈ ਤਾਂ ਬੱਚੇ ਦੇ ਦਿਲ ਵਿਚ ਇਹ ਹੀ ਆਉਂਦਾ ਹੋਵੇਗਾ ਕਿ ਗੁਰੂਆਂ ਦੀ ਰਚੀ ਹੋਈ ਬਾਣੀ ਨੂੰ ਸੋਧ ਕੇ ਉਚਾਰਣ ਕਰਨ ਦਾ ਤ੍ਰੀਕਾ ਉਸਦੇ ਧਾਰਮਿਕ ਸਿਖਿਆ ਦੇ ਅਧਿਆਪਕ ਦਸਦੇ ਹਨ।ਕੀ ਇਹ ਬਚੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੰਪੂਰਨ ਗੁਰੂ ਦੇ ਰੂਪ ਵਿਚ ਦੇਖ ਸਕਦੇ ਹਨ?

ਹਜਾਰਾਂ ਸਾਲ ਪਹਿਲਾਂ ਵੇਦਾਂ ਦੀ ਬੋਲੀ ਪੰਜਾਬ ਵਾਸੀਆਂ ਦੀ ਲੋਕ ਬੋਲੀ ਸੀ।ਪੰਜਾਬੀਆਂ ਦੇ ਘਰਾਂ ਵਿਚ ਬੋਲੀ ਜਾਣ ਵਾਲੀ ਆਮ ਬੋਲੀ।ਸਾਡੇ ਬਜੁਰਗ ਰਿਸ਼ੀਆਂ ਮੁਨੀਆਂ ਨੇ ਪੰਜਾਬ ਦੇ ਦਰਿਆਵਾਂ ਦੇ ਕੰਢਿਆਂ ਉੱਤੇ ਬੈਠ ਕੇ ਵੇਦਾਂ ਦੀ ਰਚਨਾ ਕੀਤੀ।ਜਿਵੇਂ ਅਜ ਅਸੀਂ ਪੰਜਾਬ ਦੇ ਵਾਸੀ ਪੰਜਾਬੀ ਬੋਲਦੇ ਹਾਂ ਉਸੇ ਤਰ੍ਹਾਂ ਹੀ ਰਿਸ਼ੀਆਂ ਮੁਨੀਆਂ ਦੇ ਜੀਵਨ ਕਾਲ ਵਿਚ ਸੰਸਕ੍ਰਿਤ ਪੰਜਾਬੀਆਂ ਦੀ ਆਮ ਬੋਲੀ ਸੀ।ਜਿਹੜੀ ਸਮੇ ਦੇ ਵਿਕਾਸ ਨਾਲ ਅਜ ਦੀ ਪੰਜਾਬੀ ਤੋਂ ਐਨੀ ਦੂਰ ਚਲੇ ਗਈ ਹੈ ਕਿ ਪਛਾਣੀ ਵੀ ਨਹੀਂ ਜਾਂਦੀ ਪਰ ਇਸ ਗਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਸੰਸਕ੍ਰਿਤਿ ਸਾਡੀ ਪੁਰਾਣੀ ਪੰਜਾਬੀ ਬੋਲੀ ਹੀ ਹੈ...।ਹਿੰਦੁਸਤਾਨ ਦੀਆਂ ਬਾਕੀ ਸਾਰੀਆਂ ਬੋਲੀਆਂ ਨਾਲ ਵੀ ਸੰਸਕ੍ਰਿਤਿ ਦਾ ਸੰਬੰਧ ਹੈ ਪਰ ਪੰਜਾਬੀ ਸੰਸਕ੍ਰਿਤਿ ਦੇ ਸਭ ਤੋਂ ਨੇੜੇ ਹੈ।ਇਸੇ ਲਈ ਹੀ ਪੰਜਾਬੀ ਨੂੰ ਸੰਸਕ੍ਰਿਤ ਦੀ ਜੇਠੀ ਧੀ ਵੀ ਕਿਹਾ ਜਾਂਦਾ ਹੈ।ਵੇਦਾਂ ਨੂੰ ਰਚਨ ਵਾਲਿਆਂ ਰਿਸ਼ੀਆਂ ਮੁਨੀਆਂ ਦੀ ਪੰਜਾਂ ਦਰਿਆਵਾਂ ਦੀ ਧਰਤੀ ਉਤੇ ਹੀ ਗੁਰੂਆਂ ਭਗਤਾਂ ਤੇ ਪੀਰਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਲਾਹੀ ਬਾਣੀ ਦੀ ਰਚਨਾ ਕੀਤੀ।

ਅਸੀਂ ਪੰਜਾਬੀ ਆਰੀਅਨ ਦੀ ਹੀ ਔਲਾਦ ਹਾਂ।ਸਾਡੀਆਂ ਰਗਾਂ ਵਿਚ ਉਨ੍ਹਾਂ ਰਿਸ਼ੀਆਂ ਮੁਨੀਆਂ ਦਾ ਖੂਨ ਹੈ,ਜਿਨ੍ਹਾਂ ਨੇ ਪੰਜਾਂ ਦਰਿਆਵਾਂ ਦੇ ਕੰਢਿਆਂ ਉਤੇ ਬੈਠ ਕੇ ਵੇਦਾਂ ਦੀ ਰਚਨਾ ਕੀਤੀ।ਸ੍ਰੀ ਗੁਰੂ ਨਾਨਾਕ ਦੇਵ ਜੀ ਨੇ ਵੀ ਉਹੀ ਅਰੀਅਨ ਦੀ ਜਨਮ ਭੂਮੀਂ ਵਾਲੀ ਥਾਂ ਮਲੀ ਅਤੇ ਸਿਖੀ ਦਾ ਬੀ ਬੀਜ ਕੇ ਵਾਰੀ ਵਾਰੀ ਨੌਂ ਜਾਮਿਆਂ ਵਿਚ ਆ ਕੇ ਸਿਖ ਧਰਮ ਦੇ ਸਿਧਾਂਤਾਂ ਨੂੰ ਪ੍ਰਗਟ ਕਰਨ ਦੀ ਕਿਰਤ ਕਮਾਈ ਕੀਤੀ।ਅਖੀਰ ਸਾਡੇ ਦਸਵੇਂ ਨਾਨਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ੧੬੯੯ ਦੀ ਵੈਸਾਖੀ ਵਾਲੇ ਦਿਨ ਖਾਲਸਾ ਪੰਥ ਦੀ ਸਾਜਨਾ ਕਰਕੇ ਸਿਖ ਕੌਮ ਦੀ ਵਖਰੀ ਪਛਾਣ ਕਰਵਾਈ ਦਸਮੇਂ ਪਾਤਿਸ਼ਾਹ ਨੇ ਦਸੋ ਪਾਤਿਸ਼ਾਹੀਆਂ ਦੇ ਜੋਤ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਨਾਨਕ ਦੇਵ ਜੀ ਦੀ ਗੁਰਗਦੀ ਉਤੇ ਬਿਰਾਜਮਾਨ ਕਰਕੇ ਗਿਆਰਵੇਂ ਪਾਤਿਸ਼ਾਹ ਦੇ ਸਰੂਪ ਵਿਚ ਪ੍ਰਗਟ ਕੀਤਾ।

ਸਮੇਂ ਦੇ ਬਦਲਾਵ ਕਾਰਨ ਗੁਰਬਾਣੀ ਦੀ ਬੋਲੀ ਅਤੇ ਅਜ ਦੀ ਬੋਲੀ ਵਿਚ ਥੋੜ੍ਹਾ ਬਹੁਤਾ ਫਰਕ ਪਿਆ ਹੈ।ਆਉਣ ਵਾਲੇ ਸਮਿਆਂ ਵਿਚ ਇਹ ਦੂਰੀ ਹੋਰ ਵੀ ਵਧ ਜਾਵੇਗੀ ਤੇ

ਅਖੀਰ ਉਹ ਦਿਨ ਵੀ ਆਵੇਗਾ ਜਦੋਂ ਗੁਰਬਾਣੀ ਸਿਖਣ ਲਈ ਵੀ ਓਨੀ ਹੀ ਮੇਹਨਤ ਕਰਨੀ ਪਏਗੀ ਜਿੰਨੀ ਮੇਹਨਤ ਅਜ ਸੰਸਕ੍ਰਿਤ ਸਿਖਣ ਲਈ ਕਰਨੀ ਪੈਂਦੀ ਹੈ।ਗੁਰਬਾਣੀ ਦਾ ਉਚਾਰਣ ਕਰਨਾ ਵੀ ਓਨਾਂ ਹੀ ਔਖਾ ਹੋਵੇਗਾ ਜਿੰਨਾਂ ਅਜ ਸੰਸਕ੍ਰਿਤ ਦਾ ਹੈ ਪਰ ਜਿਵੇਂ ਅਜ ਵੀ ਸੰਸਕ੍ਰਿਤ-ਪ੍ਰੇਮੀ ਮੇਹਨਤ ਕਰਕੇ ਸ਼ੁਧ ਉਚਾਰਣ ਕਰਨਾ ਸਿਖ ਕੇ ਆਪਣੇ ਪ੍ਰਚੀਨ ਗ੍ਰੰਥਾਂ ਦੀ ਅਧਿਆਤਮਿਕਤਾ ਤੇ ਰੂਹਾਨੀਅਤ  ਨੂੰ ਜਾਂਣ ਲੈਂਦੇ ਹਨ।ਇਸੇ ਤਰ੍ਹਾਂ ਹੀ ਆਤਮ-ਰੰਗ-ਰਸ ਦੇ ਤ੍ਰਿਹਾਏ ਗੁਰਸਿਖ ਆਪਣੀ ਪਿਆਸ ਬੁਝਾਉਣ ਲਈ ਗੁਰਬਾਣੀ ਦੀ ਬੋਲੀ ਸਿਖਣ ਲਈ ਘਾਲਣਾਂ ਘਾਲ ਕੇ ਧੁਰ ਕੀ ਬਾਣੀ ਦੀਆਂ ਬਖਸ਼ਿਸ਼ਾਂ ਪ੍ਰਾਪਤ ਕਰਦੇ ਰਹਿਣਗੇ।ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਨਿਰੰਜਨੀ ਜੋਤ ਨੂੰ ਪਛਾਨਣ ਵਾਲੇ ਪ੍ਰਾਣੀਆਂ ਦੀ ਪ੍ਰੇਮ-ਖਿਚ ਉਨ੍ਹਾਂ ਨੂੰ ਦੀਵਾਨੇ ਬਣਾਈ ਰਖੇਗੀ ਤੇ ਉਹ ਆਪਣੇ ਚਾਤ੍ਰਿਕ-ਮਨਾਂ ਦੀ ਪਿਆਸ ਬੁਝਾਉਣ ਲਈ ਸਚੇ ਸਤਿਗੁਰਾਂ ਦੇ ਇਲਾਹੀ ਫੁਰਮਾਨਾਂ ਨੂੰ ਜਾਨਣ ਲਈ ਅਤੁਟ ਕਮਾਈਆਂ ਕਰਦੇ ਹੋਏ ਵੀ ਕਦੀ ਨਹੀਂ ਥਕਣਗੇ ,ਕਦੀ ਨਹੀਂ ਅਕਣਗੇ...।ਪ੍ਰੇਮ ਲਗਨ ਦੀ ਡੋਰ ਵਿਚ ਬਝੇ ਹੋਏ, ਉਹ ਬਾਬੇ ਨਾਨਾਕ ਦੇ ਸਮੇਂ ਦੀ ਬੋਲੀ ਦਾ ਸ਼ੁਧ ਉਚਾਰਣ ਕਰਨਾਂ ਵੀ ਸਿਖ ਲੈਣਗੇ ,ਗੁਰਸਿਖੀ ਜੀਵਨ ਦੀਆਂ ਰਹਿਮਤਾਂ ਹੰਢਾਉਣ ਲਈ ਬਾਣੀ ਦੇ ਗੂੜ੍ਹ ਭਾਵ ਸਮਝਣ ਦੇ ਸਮਰਥ ਹੁੰਦੇ ਰਹਿਣਗੇ ਤੇ ਇਹ ਅੰਮ੍ਰਿਤ ਬਾਣੀ ਉਨ੍ਹਾਂ ਨੂੰ ਲੋਕ ਪ੍ਰਲੋਕ ਦਾ ਜੀਵਨ ਮਾਰਗ ਦਰਸਾਉਂਦੀ ਰਹੇਗੀ।

ਅਜ ਤਕ ਸਦੀਆਂ ਪੁਰਾਣੀ ਸੰਸਕ੍ਰਿਤ ਬੋਲੀ ਨੂੰ ਸਿੱਖ ਕੇ ਰਿਸ਼ੀਆਂ ਮੁਨੀਆਂ ਦੀ ਉੱਚ ਕੋਟੀ ਦੀ ਅਧਿਆਤਮਿਕ ਸਿੱਖਿਆ ਦਾ ਲਾਭ ਉਠਾਇਆ ਜਾਂਦਾ ਰਿਹਾ ਹੈ।ਇਸ ਵੇਲੇ ਵੀ ਵੇਦਬਾਣੀ ਦੀ ਰੂਹਾਨੀਅਤ ਦੇ ਰੰਗ ਮਾਣੇ ਜਾ ਰਹੇ ਹਨ।ਰਿਸ਼ੀਆਂ ਮੁਨੀਆਂ ਦੀਆਂ ਰਚਨਾਵਾਂ ਤੋਂ ਜਾਣੂੰ ਹੋਣ ਦੇ ਚਾਹਵਾਨ ਮੰਤਰਾਂ ਦਾ ਸ਼ੁਧ ਉਚਾਰਣ ਕਰਨਾ ਸਿਖ ਲੈਂਦੇ ਹਨ ਤੇ ਵੇਦ ਬਾਣੀ ਵਿਚੋਂ ਰੂਹਾਨੀਅਤ ਦੇ ਭੰਡਾਰਾਂ ਦੇ ਦਰਸ਼ਨ ਕਰਕੇ ਨਿਹਾਲ ਹੁੰਦੇ ਹਨ।ਸ਼ਾਸਤਰੀ ਸੰਗੀਤ ਦੇ ਗਿਆਤਾ ਰਾਗਾਂ ਵਿਚ ਮੰਤ੍ਰਾਂ ਦਾ ਸ਼ੁਧ ਉਚਾਰਣ ਕਰਕੇ ਵਾਯੂ ਮੰਡਲ ਨੂੰ ਦੋਸ਼ ਮੁਕਤ ਕਰਦੇ ਹਨ ਮੰਤਰਾਂ ਦੇ ਸ਼ੁਧ ਉਚਾਰਣ ਨਾਲ ਪੈਦਾ ਹੋਣ ਵਾਲੀਆਂ ਨਾਦ ਯੋਗ ਦੀਆਂ ਤ੍ਰੰਗਾਂ ਮਨੁਖੀ ਜੀਵਨ ਨੂੰ ਰੂਹਾਨੀਅਤ ਸ਼ਕਤੀ ਨਾਲ ਭਰਦੀਆਂ ਹਨ,ਆਤਮਿਕ ਖੇੜਾ ਬਖਸ਼ਦੀਆਂ ਹਨ, ਮਾਨਸਿਕ ਬਲ ਦਿੰਦੀਆਂ ਹਨ ਤੇ ਸਰੀਰਕ ਰੋਗਾਂ ਦਾ ਖਾਤਮਾਂ ਕਰਦੀਆਂ ਹਨ।

ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਥਾਂ ਥਾਂ ਉਤੇ ਵੇਦਾਂ ਦੀ ਬਾਣੀ ਦਾ ਜ਼ਿਕਰ ਹੈ,

ਵੇਦ ਕਤੇਬ ਕਹੋ ਮਤ ਝੂਠੇ ਝੂਠਾ ਜੋ ਨਾ ਵਿਚਾਰੇ

ਸਾਇੰਸਦਾਨ ਆਪਣੀ ਖੋਜ ਵਿਚ ਵੇਦਾਂ ਦੇ ਮੂਲ ਸਰੂਪ ਤੋਂ ਫਾਇਦਾ ਉਠਾ ਰਹੇ ਹਨ।ਵੇਦਾਂ ਵਾਂਗੂੰ ਹੀ ਗੁਰਬਾਣੀ ਦਾ ਗੂੜ੍ਹ ਗਿਆਨ ਵੀ ਰੂਹਾਨੀ ਸ਼ਕਤੀਆਂ ਦਾ ਅਨਮੋਲ ਖਜਾਨਾ ਹੈ।ਖੰਡਾਂ-ਬ੍ਰਹਮੰਡਾਂ ਦੇ ਅਰਬਦ ਨਰਬਦ ਧੰਦੂਧਾਰੇ ਦੀ ਸੋਝੀ ਪ੍ਰਾਪਤ ਕਰਨ ਲਈ ਸਾਇੰਸਦਾਨਾਂ ਲਈ ਮਦਦਗਾਰ ਸਾਬਤ ਹੋ ਰਿਹਾ ਹੈ ਤੇ ਅਗੇ ਤੋਂ ਵੀ ਕੁਦਰਤ ਦੇ ਗੋਹਜ ਜਾਨਣ ਲਈ ਜਗ ਵਿਚ ਚਾਨਣ ਮੁਨਾਰਾ ਬਣ ਕੇ ਚਮਕੇਗਾ।ਸਾਨੂੰ ਚਾਹੀਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਮੂਲ ਸਰੂਪ ਸੰਭਾਲਣ ਲਈ ਅਸੀਂ ਪੂਰੀ ਵਾਹ ਲਗਾ ਦੇਈਏ.. । ਬੋਲੀ ਦਾ ਵਿਕਾਸ ਤਾਂ ਹੁੰਦਾ ਹੀ ਰਹਿਣਾ ਹੈ ਬੋਲੀ ਵਿਚ ਥੋੜ੍ਹਾ ਜਿੰਨਾ ਫਰਕ ਪੈਣ ਨਾਲ ਹੀ ਘਬਰਾ ਕੇ ਜੇ ਅਸੀਂ ਬਾਣੀ ਵਿਚ ਬਦਲਾਵ ਕਰਨ ਲਗ ਪਏ ਤਾਂ ਕਲ੍ਹ ਨੂੰ ਜਦੋਂ ਲੰਮੇਰਿਆਂ ਸਮਿਆਂ ਵਿਚ ਵਡੇ ਪਧਰ ਉਤੇ ਫਰਕ ਪਿਆ ਤਾਂ ਫਿਰ ਕੀ ਬਣੂੰ..?

ਪੁਰਾਣੀ ਪੰਜਾਬੀ ਸਿੱਖਣ ਲਈ ਬਹੁਤ ਥੋੜ੍ਹੀ ਜਿਹੀ ਮੇਹਨਤ ਤੋਂ ਬਚਣ ਦੀ ਖਾਤਰ ਸਤਿਗੁਰੂ ਜੀ ਦਾ ਮੂਲ ਸਰੂਪ ਵਿਗਾੜਨ ਦਾ ਖਤਰਾ ਮੁੱਲ ਲੈਣਾ ਮੂਰਖਤਾ ਹੀ ਨਹੀਂ....!ਘੋਰ ਅਪਰਾਧ ਹੈ.!! ਇਹ ਤਾਂ ਕਹਿਰ ਵਾਲੀ ਗਲ ਹੈ।

ਅੱਜ ਗੁਰਬਾਣੀ ਦੀ ਪੜਚੋਲ ਦੀ ਅਹੁਦੇਦਾਰੀ ਕਾਲਜਾਂ ਯੂਨੀਵਰਸਿਟੀਆਂ ਦੇ ਵਿਦਵਾਨਾਂ ਨੇ ਸੰਭਾਲੀ ਹੋਈ ਹੈ।ਕਈ ਚੰਗੀਆਂ ਗਲਾਂ ਵੀ ਹੋ ਰਹੀਆਂ ਹਨ ਪਰ ਕਈ ਕਮੀਆਂ ਵੀ ਦਿਖਾਈ ਦੇ ਰਹੀਆਂ ਹਨ.ਕਈ ਪ੍ਰੋਫੈਸਰਾਂ ਕੋਲ ਪੀ.ਐਚ.ਡੀ.ਦੀ ਡਿਗਰੀ ਤਾਂ ਹੋਵੇਗੀ ਪਰ ਜ਼ਰੂਰੀ ਨਹੀਂ ਕਿ ਧਾਰਮਿਕ ਜੀਵਨ ਅਤੇ ਆਤਮਿਕ ਅਵਸਥਾ ਵੀ ਉਨ੍ਹਾਂ ਕੋਲ ਹੋਵੇ,ਅਨੁਭਵੀ ਬੰਦੇ ਹੀ ਧਰਮ ਦੀਆਂ ਜੜ੍ਹਾਂ ਫਰੋਲ ਕੇ ਕੁਝ ਦੱਸ ਸਕਦੇ ਹਨ।ਜਿਸਨੇ ਕਦੀ ਅਨਹਦ ਧੁਨੀਆਂ ਅਤੇ ਬਿਮਲ ਮਝਾਰ ਦੇ ਰੰਗ ਨਹੀਂ ਮਾਣੇ,ਦਸਮ ਦੁਆਰ ਦੀ ਰੰਗਲੀ ਖੇਡ੍ਹ ਦੀ ਗਲ ਨਹੀਂ ਕੀਤੀ ਤੇ ਅਣਦਿਸਦੀ ਦੁਨੀਆਂ ਤੋਂ ਕੋਰਾ ਹੀ ਬੇਖਬਰ ਹੈ,ਉਹ ਸਾਡੀਆਂ ਸੁਰਤੀਆਂ ਬਿਰਤੀਆਂ ਨੂੰ ਉਪਰ ਚੁਕ ਕੇ ਇਲਾਹੀ ਮੰਡਲਾਂ ਦੇ ਦੇਸ਼ ਕਿਵੇਂ ਪਹੁੰਚਾਏਗਾ..?ਧਰਮ ਰੂਪੀ ਬੂਟੇ ਦੀਆਂ ਜੜ੍ਹਾਂ ਨੂੰ ਸਿੰਜਣ ਲਈ ਤਾਂ ਪ੍ਰੇਮ ਅਤੇ ਸ਼ਰਧਾ ਦੇ ਅੰਮ੍ਰਿਤ ਦੀ ਲੋੜ ਹੁੰਦੀ ਹੈ।ਸ਼ੋਹਰਤ ਦੀ ਭੁਖ, ਮਾਇਆ ਦਾ ਲੋਭ ਜਾਂ ਕਿਸੇ ਸ਼ਰਾਰਤੀ ਅੰਸਰਾਂ ਦੀ ਸ਼ਹਿ ਨਾਲ ਕੀਤਾ ਧਰਮ ਪ੍ਰਚਾਰ ਧਰਮ ਰੂਪੀ ਬੂਟੇ ਦੀਆਂ ਜੜ੍ਹਾਂ ਨੂੰ ਘੁਣ ਬਣਕੇ ਖਾ ਜਾਂਦਾ ਹੈ।

ਜਦੋਂ ਅਸੀਂ ਬਾਣੀ ਰੂਪੀ ਗਿਆਨ-ਅੰਮ੍ਰਿਤ ਦੇ ਪ੍ਰੇਮ-ਸਾਗਰ ਦੀਆਂ ਗਹਿਰਾਈਆਂ ਵਿਚ ਡੁਬਕੀਆਂ ਲਗਾਉਂਦੇ ਹਾਂ ਤਾਂ ਭਗਤੀ ਭੰਡਾਰਾਂ ਦੇ ਖਜਾਨਿਆਂ ਦਾ ਕੋਈ ਅੰਤ ਦਿਖਾਈ ਨਹੀਂ ਦਿੰਦਾ।ਨਿਰੰਕਾਰੀ ਜੋਤ ਸਰੂਪੀ ਬਾਣੀ ਦਾ ਪਲਾ ਫੜ ਕੇ ਇਲਾਹੀ ਮੰਡਲਾਂ ਦੀਆਂ ਉਡਾਰੀਆਂ ਮਾਰਦੇ ਹਾਂ ਤਾਂ ਸਾਡੀਆਂ ਸੁਰਤੀਆਂ ਲਖਾਂ ਪਾਤਾਲਾਂ,ਲਖਾਂ ਅਗਾਸਾਂ ਦੀਆਂ ਹਦਾਂ ਛੂਹੰਦੀਆਂ ਹਨ।ਸਤਿਗੁਰੂ ਕਿਰਪਾ ਕਰੇ..! ਸਾਨੂੰ ਦੁਨਿਆਵੀ ਸੁਰਤੀਆਂ ਬਿਰਤੀਆਂ ਦੇ ਮੋਹ ਮਾਇਆ ਦੇ ਜਾਲ ਵਿੱਚ ਫਸਿਆਂ ਹੋਇਆਂ ਨੂੰ ਬ੍ਰਹਮੀਂ ਮੰਡਲਾਂ ਦੇ ਵਾਸੀਆਂ ਦੀਆਂ ਰਚਨਾਵਾਂ ਨੂੰ ਤ੍ਰੋੜ ਮ੍ਰੋੜ ਕੇ ਆਪਣੀ ਸੋਚ ਦਾ ਪ੍ਰਗਟਾਵਾ ਕਰਨ ਦਾ ਖਿਆਲ ਕਦੀ ਵੀ ਨਾ ਆਵੇ..।ਇਹ ਭੁਲ ਅਸੀਂ ਕਦੀ ਨਾ ਕਰੀਏ...।ਭੁੱਲ ਹੀ ਨਹੀਂ...!ਇਸ ਘੋਰ ਪਾਪ ਤੋਂ ਸਦਾ ਬਚ ਕੇ ਰਹੀਏ...!

ਧੁਰ ਕੀ ਬਾਣੀ ਦੇ ਰਚਨ ਹਾਰਿਆਂ ਨੂੰ ਸਨਮੁਖ ਜਾਣ ਕੇ ਬਾਣੀ ਦਾ ਉਚਾਰਣ ਕਰਨ ਨਾਲ ਮਨ ਵਿੱਚ ਭੈ-ਭਾਵਨਾ ਬਣੀ ਰਹਿੰਦੀ ਹੈ।ਪ੍ਰੇਮ ਅਤੇ ਸ਼ਰਧਾ ਦੇ ਫੁਲ ਖਿੜਦੇ ਹਨ।ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਨਿਰੰਜਨੀ ਜੋਤ ਦੇ ਪ੍ਰਕਾਸ਼ ਮੰਡਲ ਵਿੱਚ ਰਹਿ ਕੇ ਬਾਣੀ ਦਾ ਪੂਰਨ ਅਨੰਦ ਮਿਲਦਾ ਹੈ ਜਾਗਤ ਜੋਤ ਸਤਿਗੁਰੂ ਸਾਡੀਆਂ ਸ਼ਰਣ ਪਿਆਂ ਦੀਆਂ ਸਖਣੀਆਂ ਝੋਲੀਆਂ ਭਰਦਾ ਹੈ।

ਅਜ ਸਾਇੰਸ ਦੇ ਜਮਾਨੇ ਵਿਚ ਸਚ ਦੇ ਖੋਜੀਆਂ ਨੂੰ ਸਚਾਈ ਲਭਣ ਲਈ ਇੰਟਰਨੈਟ ਬੜਾ ਲਾਭਦਾਇਕ ਸਾਬਤ ਹੋ ਰਿਹਾ ਹੈ ਜਿਸ ਕਰਕੇ ਸਾਰੀ ਦੁਨੀਆਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਨਿਰੰਕਾਰੀ ਜੋਤ ਦਾ ਪੂਰਾ ਪ੍ਰਗਟਾਵਾ ਹੋ ਰਿਹਾ ਹੈ।ਵਿਦੇਸ਼ੀ ਲੋਕ ਬਾਣੀ ਤੇ ਬਾਣੇ ਦੇ ਧਾਰਣੀ ਹੋ ਕੇ ਗੁਰਸਿਖੀ ਜੀਵਨ ਦਾ ਅਨੰਦ ਮਾਣ ਰਹੇ ਹਨ. ਉਹ ਸਿਖ ਇਤਿਹਾਸ ਤੋਂ ਜਾਣੂੰ ਹੋ ਕੇ ਦਸਮ ਪਾਤਿਸ਼ਾਹ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰ ਰਹੇ ਹਨ. ਸ੍ਰੀ ਗੁਰੂ ਰਾਮ ਦਾਸ ਜੀ ਦੀ ਸ਼ਰਣ ਵਿਚ ਰਹਿੰਦੇ ਹੋਏ ਰੂਹਾਨੀ ਵਿਦਿਆ ਦੀਆਂ ਉਚ ਪਦਵੀਆਂ ਨੂੰ ਪ੍ਰਾਪਤ ਹੋ ਰਹੇ ਹਨ।ਸਚੇ ਦਿਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰੇਮ ਮੰਡਲ ਵਿਚ ਨਿਵਾਸ ਕਰਕੇ ਮਨੁਖਾ ਦੇਹੀ ਦਾ ਲਾਹਾ ਲੈ ਕੇ ਸਚ ਖੰਡ ਵਾਸੀ ਬਣ ਰਹੇ ਹਨ. ਬਿਦੇਸ਼ੀ ਸਿਖ ਇਲਾਹੀ ਬਾਣੀ ਦੀਆਂ ਗੁਝੇ ਭੇਦਾਂ ਨੂੰ ਸਮਝ ਕੇ ਅਮਲ ਵਿਚ ਲਿਆਉਂਦੇ ਹਨ ਅਤੇ ਬਾਣੀ ਦੇ ਸ਼ੁਧ ਉਚਾਰਣ ਦੀਆਂ ਤੂੰਗਾਂ ਦਾ

ਲਾਭ ਉਠਾ ਕੇ ਅੰਤ੍ਰਯਾਮਤਾ,ਦਸਮ ਦੁਆਰ ਦਾ ਰਸ,ਅਨਹਦ ਧੁਨੀਆਂ ਅਤੇ ਕੁੰਡਲਨੀ ਜਾਗਰਣ ਦੀਆਂ ਪਰਮ ਅਵਸਥਾਵਾਂ ਨੂੰ ਪ੍ਰਾਪਤ ਹੋ ਲੇ ਮਨੁਖਾ ਜੀਵਨ ਦੇ ਅਸਲੀ ਲਾਹੇ ਖਟਦੇ ਹਨ.ਇਕ ਅੰਮ੍ਰਿਤਧਾਰੀ ਅਮ੍ਰੀਕਨ ਗੋਰੀ ਸਿੰਘਣੀ (ਹਰਚਰਨ ਕੌਰ)ਨੂੰ ਦਿਭ-ਦ੍ਰਿਸ਼ਟੀ ਨਾਲ ਕਈ ਵਾਰੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਹੋਏ,ਕਈ ਦ੍ਰਿਸ਼ਟਾਂਤਾਂ ਵਿਚ ਗੁਰੂ ਜੀ ਨਾਲ ਗਲਾਂ ਬਾਤਾਂ ਹੋ ਕੇ ਭਵਿਖ ਵਿਚ ਹੋਣ ਵਾਲੀਆਂ ਘਟਨਾਵਾਂ ਦਾ ਪਤਾ ਲਗਿਆ,ਉਹ ਬਿਦੇਹ ਹੋ ਕੇ ਨਾਭ ਕੰਵਲ ਨਾਲ ਜੁੜੀ ਹੋਈ ਪ੍ਰਕਾਸ਼ ਡੋਰੀ(ਸਿਲਵਰ ਕਾਡ)ਨਾਲ ਸਚਖੰਡ ਜਾ ਕੇ ਮੁੜ ਆਉਂਦੀ ਸੀ।ਇਕ ਵਾਰੀ ਸਚਖੰਡ ਪਹੁੰਚੀ ਦਾ ਵਾਪਿਸ ਆਉਣ ਨੂੰ ਦਿਲ ਨਾ ਕਰੇ।ਉਸਨੇ ਆਪਣੀ ਪ੍ਰਕਾਸ਼ ਡੋਰੀ ਨੂੰ ਤੋੜ ਕੇ ਆਪਣੇ ਪੰਚ-ਭੂਤਕ ਸਰੀਰ ਨਾਲੋਂ ਅਲਗ ਹੋਣ ਦੀ ਕੋਸ਼ਿਸ਼ ਕੀਤੀ ਪਰ ਓਹੁ ਨਾ ਟੁਟੀ ਤੇ ਉਸਨੂੰ ਆਪਣੇ ਸਰੀਰ ਵਿਚ ਵਾਪਿਸ ਆਉਣਾ ਪਿਆ।ਬਾਣੀ ਤੇ ਬਾਣੇ ਦੀ ਧਾਰਣੀ ਸਿੰਘਣੀ ਦੇ ਦਿਲ ਵਿਚ ਬਾਣੀ ਲਈ ਅਥਾਹ ਸ਼ਰਧਾ ਸੀ।ਬਿਦੇਸ਼ੀ ਹੋ ਕੇ ਵੀ ਬਾਣੀ ਦੇ ਉਚਾਰਣ ਵਿਚ ਰਤੀ ਜਿੰਨਾਂ ਵੀ ਫਰਕ ਨਹੀਂ ਸੀ ਪੈਣ ਦਿੰਦੀ। ਉਸਨੇ ਪੂਰਨ ਰਹਿਤ ਮਰਿਆਦਾ ਅਨੁਸਾਰ ਗੁਰਸਿਖੀ ਜੀਵਨ ਹੰਢਾਉਂਦਿਆਂ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

ਅਜ ਕਲ ਮੁਸਲਿਮ ਲੋਕ ਇਸ ਗਲ ਨੂੰ ਸਾਬਤ ਕਰਨ ਵਿਚ ਲਗੇ ਹੋਏ ਹਨ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਮੁਸਲਮਾਨ ਸੀ।ਉਹ ਗੁਰੂ ਜੀ ਦੇ ਮੁਸਲਮਾਨ ਹੋਣ ਦੇ ਸਬੂਤ ਵੀ ਦਿੰਦੇ ਹਨ ਗੁਰੂ ਜੀ ਦਾ ਨਮਾਜ਼ ਪੜ੍ਹਨਾ ਅਤੇ ਬਗਦਾਦ ਸ਼ਹਿਰ ਵਿਚ ਮੁਸਲਿਮ ਰੀਤੀ ਅਨੁਸਾਰ ਬਾਂਗ ਦੇਣਾ ਆਦਿ.. । ਇਸ ਦਾ ਜ਼ਿਕਰ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਵੀ ਹੈ।ਅੰਤਮ ਸਸਕਾਰ ਵੇਲੇ ਗੁਰੂ ਜੀ ਦੀ ਪੰਜ ਭੂਤਕ ਦੇਹੀ ਨੂੰ ਅਗਨ ਭੇਟ ਕਰਨ ਜਾਂ ਦਫਨਾਉਣ ਦਾ ਮੁਸਲਮਾਨਾਂ ਤੇ ਹਿੰਦੂਆਂ ਵਿਚ ਝਗੜਾ, ਫਿਰ ਗੂਰੂ ਜੀ ਦੀ ਦੇਹੀ ਉਤੋਂ ਚਾਦਰ ਚੁਕਣ ਪਿਛੋਂ ਥਲਿਓਂ ਦੇਹੀ ਦੀ ਥਾਂ ਫੁਲ ਨਿਕਲਣੇ, ਫੁਲਾਂ ਨੂੰ ਅਧੇ ਅਧੇ ਵੰਡ ਕੇ ਹਿੰਦੂਆਂ ਨੇ ਸਸਕਾਰ ਕਰਨਾ ਤੇ ਮੁਸਲਮਾਨਾਂ ਨੇ ਦਫਨਾਉਣਾ, ਚਾਦਰ ਨੂੰ ਅਧਵਿਚਕਾਰੋਂ ਪਾੜ ਕੇ ਹਿੰਦੂ ਮੁਸਲਿਮ ਦੋਨਾਂ ਨੇ ਵੰਡ ਲੈਣੀ।ਗੁਰੂ ਜੀ ਦੇ ਅੰਤਮ ਸਸਕਾਰ ਵਾਲੀ ਥਾਂ ਉਤੇ ਗੁਰਦੁਆਰਾ ਸੁਸ਼ੋਭਿਤ ਹੈ ਤੇ ਨਾਲ ਹੀ ਮੁਸਲਮਾਨਾਂ ਦੀ ਮਸੀਤ ਵੀ ਹੈ।

ਅਸਲ ਵਿਚ ਬਾਬੇ ਨਾਨਕ ਨੂੰ ਸਾਡਾ ਕਹਿਣ ਨਾਲ ਉਸਨੇ ਸਾਡਾ ਨਹੀਂ ਹੋ ਜਾਣਾ।ਉਸਨੇ ਤਾਂ ਉਸੇ ਦਾ ਹੋ ਜਾਣਾ ਹੈ ਜਿਸ ਨੇ ਉਸ ਨੂੰ ਮੰਨ ਲਿਆ। **ਗੋਬਿੰਦ ਭਾਓ ਭਗਤ ਕਾ ਭੂਖਾ ਸ਼ੁਕਰ ਹੈ,ਮੁਸਲਮਾਨ ਉਸਨੂੰ ਆਪਣਾਂ ਸਮਝਕੇ ਉਸਦੀ ਬਾਣੀ ਨੂੰ ਪਿਆਰ ਕਰਦੇ ਹਨ।ਚੰਗੇ ਭਾਗਾਂ ਨੂੰ ਉਹ ਬਾਬੇ ਨਾਨਕ ਦੀ ਬਾਣੀ ਦੇ ਮੂਲ ਸਰੂਪ ਨੂੰ ਬਚਾਉਣ ਲਈ ਆਪਣੇ ਕੁਰਾਨ ਵਾਂਗ ਹੀ ਸੰਭਾਲ ਕੇ ਰਖਣਗੇ।ਗੁਰੂ ਨਾਨਕ ਦੀ ਸੋਚ ਉਤੇ ਕਦੀ ਕਿਸੇ ਪਰਾਈ ਸੋਚ ਦਾ ਪ੍ਰਛਾਵਾਂ ਵੀ ਨਹੀਂ ਪੈਣ ਦੇਣਗੇ।**

ਆਤਮਿਕ ਮੰਡਲ ਦੀਆਂ ਗੁਝੀਆਂ ਰਮਜਾਂ ਜਾਨਣ ਲਈ ਹਿੰਦੂ ਧਰਮ ਦੇ ਕਈ ਉਚ ਕੋਟੀ ਦੇ ਵਿਆਖਿਆਕਾਰਾਂ ਦਾ ਧਿਆਨ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਲ ਲਗਾ ਹੋਇਆ ਹੈ।ਉਹ ਬਾਣੀ ਦੀਆਂ ਉਦ੍ਹਾਰਣਾਂ ਦੇ ਕੇ ਸਚ ਦੀਆਂ ਗੰਢਾਂ ਫਰੋਲਦੇ ਹਨ।ਦੇਵੀ ਦੇਵਤਿਆਂ ਦੇ ਪੁਜਾਰੀਆਂ ਦੇ ਮੂੰਹੋਂ ਅਜ ਗੁਰਬਾਣੀ ਦੇ ਇਸ ਫੁਰਮਾਨ ਦੀ ਵਿਆਖਿਆ ਬੜੇ ਸੁਚਜੇ ਢੰਗ ਨਾਲ ਸੁਣੀ ਜਾ ਰਹੀ ਹੈ

ਇਸ ਦੇਹੀ ਕਉ ਤਰਸਹਿ ਦੇਵ

ਭਾਵ: ਮਨੁਖਾ ਦੇਹੀ ਨਾਲ ਹੀ ਭਗਤੀ ਦੀ ਸਭ ਤੋਂ ਉਤਮ ਪਦਵੀ ਪ੍ਰਾਪਤ ਹੁੰਦੀ ਹੈ ਇਸ ਲਈ ਦੇਵੀ ਦੇਵਤੇ ਵੀ ਮਨੁਖਾ ਦੇਹੀ ਲਈ ਤਰਸਦੇ ਹਨ

ਤਾਂਤ੍ਰਿਕ ਯੋਗ ਦੇ ਅਭਿਆਸੀਆਂ ਨੂੰ ਇਸ ਸਚਾਈ ਦਾ ਗਿਆਨ ਹੋ ਗਿਆ ਹੈ ਕਿ ਸ਼ੁਭ ਭਾਵਨਾਂ ਲਈ ਕੀਤੀ ਹੋਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਸ਼ੁਧ ਉਚਾਰਣ ਦੀ ਸ਼ਕਤੀ ਨੂੰ ਕੋਈ ਵੀ ਜੰਤ੍ਰ ਮੰਤ੍ਰ ਹਰਾ ਨਹੀਂ ਸਕਦਾ.

ਧਰਮੀ ਬੰਦਿਆਂ ਨੂੰ ਸਚੀ ਬੰਦਗੀ ਨਾਲ ਹੀ ਵਾਸਤਾ ਹੁੰਦਾ ਹੈ. ਰਬ ਦੇ ਦੀਵਾਨਿਆਂ ਨੂੰ ਆਪਣੇ ਪਰਾਏ ਵਿਚ ਕੋਈ ਫਰਕ ਨਹੀਂ ਲਗਦਾ ਉਹ ਕਦੀ ਕਿਸੇ ਦੂਜੇ ਦੇ ਧਰਮ ਦੀ ਨਿੰਦਿਆ ਨਹੀਂ ਕਰਦੇ ਉਹ ਆਪਣੇ ਧਰਮ ਨੂੰ ਪਿਆਰ ਕਰਦੇ ਹਨ ਤੇ ਦੂਜੇ ਦੇ ਧਰਮ ਦਾ ਸਤਿਕਾਰ ਕਰਦੇ ਹਨ .ਰਬ ਦੇ ਸਚੇ ਹਿੰਦੂ ਭਗਤ ਇਸ ਸਚਾਈ ਨੂੰ ਮੰਨਦੇ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਭ ਦੇ ਸਾਂਝੇ ਹਨ ਇਸ ਲਈ ਵੇਦ ਬਾਣੀ ਦਾ ਮੂਲ ਸਰੂਪ ਬਚਾ ਕੇ ਰਖਣ ਵਾਲੇ ਹਿੰਦੂ ਵੀਰ ਗੁਰਬਾਣੀ ਦੇ ਮੂਲ ਸਰੂਪ ਦੀ ਕਦਰ ਕਰਨਾਂ ਕਦੀ ਨਹੀਂ ਭੁਲਣਗੇ।ਵੇਦਾਂ ਦੇ ਸਚੇ ਪੁਜਾਰੀ ਗੁਰਬਾਣੀ ਨੂੰ ਸੋਧਣ ਦਾ ਕਦੀ ਸੁਪਨਾ ਵੀ ਨਹੀਂ ਲੈਣਗੇ।ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮਾਨ ਸਰੋਵਰ ਵਿਚੋਂ ਭਗਤੀ ਭਾਵਨਾਂ ਦੇ ਸੁਚੇ ਮੋਤੀ ਚੁਗਣ ਵਾਲੇ ਹੰਸ ਆਪਣੀ ਗਿਆਨ ਪ੍ਰਾਪਤੀ ਦੀ ਭੁਖ ਮਿਟਾਉਣ ਲਈ ਗੁਰਬਾਣੀ ਦੇ ਲਾਹੇ ਲੈਂਦੇ ਰਹਿਣਗੇ...! ਇਸੇ ਬਹਾਨੇ ਹੀ ਉਹ ਗੁਰਬਾਣੀ ਦੇ ਮੂਲ ਸਰੂਪ ਨੂੰ ਉਸੇ ਤਰ੍ਹਾਂ ਹੀ ਬਚਾ ਕੇ ਰਖਣਗੇ ਜਿਵੇਂ ਉਹ ਵੇਦ ਬਾਣੀ ਨੂੰ ਬਚਾਉਂਦੇ ਆਏ ਹਨ।

ਚੰਗੇ ਭਾਗਾਂ ਨੂੰ ਸਿਖ ਧਰਮ ਦੀਆਂ ਕੁਝ ਸੰਸਥਾਵਾਂ ਹਨ ਜਿਹੜੀਆਂ ਬਾਣੀ ਦੇ ਸ਼ੁੱਧ ਉਚਾਰਣ ਵਿਚ ਪ੍ਰਪਕ ਹੋ ਕੇ ,ਸਹੀ ਅਰਥਾਂ ਵਿਚ ਬਾਣੀ ਦੇ ਲਾਹੇ ਲੈਣ ਦਾ ਅਵਸਰ ਪ੍ਰਾਪਤ ਕਰਦੀਆਂ ਹਨ।ਸੰਤ ਬਾਬਾ ਇਕਬਾਲ ਸਿੰਘ ਜੀ ਅਕਾਲ ਅਕੈਡਮੀ ਬੜੂ ਸਾਹਿਬ ਵਿੱਚ ਨਿਆਰੇ ਖਾਲਸੇ ਦੀ ਪਨੀਰੀ ਬੀਜ ਰਹੇ ਹਨ।ਬਾਣੀ ਅਤੇ ਬਾਣੇ ਦਾ ਪ੍ਰਵਾਹ ਚਲਾ ਕੇ ਖਾਲਸਾ ਪੰਥ ਦੀ ਮੁਰਝਾਈ ਜਾ ਰਹੀ ਸੂਰਤ ਵਿੱਚ ਨਿਖਾਰ ਲਿਆ ਰਹੇ ਹਨ!ਉਮੀਦ ਹੈ ਕਿ ਇਲਾਹੀ ਬਾਣੀ ਦੇ ਰੰਗ ਰਸ ਨਾਲ ਸਿੰਜੀ ਹੋਈ ਬਾਬਾ ਇਕਬਾਲ ਸਿੰਘ ਜੀ ਦੀ ਫੁੱਲਵਾੜੀ ਦੇ ਗੁਲਾਬ ਗੁਰਸਿੱਖੀ ਜੀਵਨ ਦੀ ਖੁਸ਼ਬੂ ਬਣ ਕੇ ਸਾਰੇ ਸੰਸਾਰ ਨੂੰ ਮਹਿਕਾਉਣਗੇ।ਧੁਰ ਕੀ ਬਾਣੀ ਦੀਆਂ ਅਨਹਦੀ ਗੁੰਜਾਰਾਂ ਸਾਰੀ ਦੁਨੀਆਂ ਵਿਚ ਗੁੰਜਾਉਣਗੇ।ਬਾਣੀ ਤੇ ਬਾਣੇ ਦੇ ਧਾਰਣੀ ਬੱਚਿਆਂ ਦੀ ਰਸਨਾ ਰਾਹੀਂ ਗੁਰਬਾਣੀ ਦਾ ਸ਼ੁੱਧ ਉਚਾਰਣ ਕੰਨਾਂ ਵਿੱਚ ਰਸ ਘੋਲਦਾ ਹੈ. ਬੜੂ ਸਾਹਿਬ ਅਕਾਲ ਅਕੈਡਮੀ ਦੇ ਛੋਟੇ-ਛੋਟੇ ਬੱਚਿਆਂ ਕੋਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਸ਼ੁੱਧ ਉਚਾਰਣ ਸੁਣ ਕੇ ਆਸ ਦੀ ਕਿਰਣ ਜਾਗਦੀ ਹੈ ਕਿ **ਇਲਾਹੀ ਬਾਣੀ ਦਾ ਮੂਲ ਸਰੂਪ ਬਚਾਉਣ ਲਈ ਇਹ ਨਿੱਕੇ-ਨਿੱਕੇ ਸ਼ੇਰ ਬੱਚੇ ਕਾਫੀ ਹਨ।**

ਪ੍ਰੇਮ-ਸ਼ਰਧਾ ਅਤੇ ਭੈ-ਭਾਵਨੀ ਦੀਆਂ ਮੂਰਤੀਆਂ ਬਣ ਕੇ ਸਤਿਗੁਰਾਂ ਦੀ ਤਾਬਿਆ ਵਿੱਚ ਬੈਠੇ ਇਹ ਬੱਚੇ ਅੰਮ੍ਰਿਤ ਬਾਣੀ ਦਾ ਉਚਾਰਣ ਕਰਦੇ ਹੋਏ ਭਗਤੀ ਰੰਗ ਦੀ ਸਚੀ ਤਸਵੀਰ ਦਿਖਾਈ ਦਿੰਦੇ ਹਨ।ਉਨ੍ਹਾਂ ਵਿੱਚ ਹਉਮੈ ਦਾ ਕਿਣਕਾ ਮਾਤਰ ਵੀ ਨਜ਼ਰ ਨਹੀਂ ਆਉਂਦਾ।ਉਹ ਨਿਰੇ ਹੰਸ ਨਜ਼ਰੀਂ ਆਉਂਦੇ ਹਨ।ਸ਼ਰਧਾ ਅਤੇ ਭਰੋਸੇ ਦੇ ਪਾਣੀਆਂ ਵਿੱਚ ਤਾਰੀਆਂ ਲਾਉਣ ਵਾਲਿਆਂ ਨੂੰ ਬਾਣੀ ਅਗਮ ਅਗੋਚਰ ਦੇ ਦੇਸ਼ ਪਹੁੰਚਾ ਦਿੰਦੀ ਹੈ।

ਸੰਤ ਬਾਬਾ ਅਤਰ ਸਿੰਘ ਜੀ ਨੇ ਮਸਤੂਆਣੇ ਵਿਚ ਗੁਰਦੁਆਰਾ ਛੋਟਾ ਜਿਹਾ ਬਣਾਇਆ ਤੇ ਕੁੜੀਆਂ ਮੁੰਡਿਆਂ ਦੇ ਵਿਦਿਆਲਿਆਂ ਦੀਆਂ ਇਮਾਰਤਾਂ ਵਡੀਆਂ ਵਡੀਆਂ ਬਣਾ ਦਿਤੀਆਂ

ਜਦੋਂ ਕੋਈ ਉਨ੍ਹਾਂ ਤੋਂ ਇਸ ਦਾ ਕਾਰਨ ਪੁਛਦਾ ਸੀ ਤਾਂ ਉਹ ਕਾਲਜਾਂ ਦੀਆਂ  ਇਮਾਰਤਾਂ ਵਲ ਇਸ਼ਾਰਾ ਕਰਕੇ ਕਿਹਾ ਕਰਦੇ ਸੀ ਕਿ ਇਨ੍ਹਾਂ ਕਾਲਜਾਂ ਦੇ ਮੁੰਡਿਆਂ ਕੁੜੀਆਂ ਵਿਚੋਂ ਹੀ ਗੁਰੂ ਨਾਨਾਕ ਦੀ ਸਿਖੀ ਦਿਸਣੀ ਹੈ ਸੰਤ ਅਤਰ ਸਿੰਘ ਜੀ ਦੇ ਬਚਨ ਅਜ ਬਾਬਾ ਸੰਤ ਬਾਬਾ ਇਕਬਾਕ ਸਿੰਘ ਜੀ ਨੇ ਸਚੇ ਕਰ ਦਿਖਾਏ ਹਨ ਅਕਾਲ ਅਕੈਡਮੀਆਂ ਵਿਚੋਂ ਗੁਰੂ ਨਾਨਕ ਦੇਵ ਜੀ ਦੀ ਗੁਰਸਿਖੀ ਲਿਸ਼ਕਾਰੇ ਮਾਰਦੀ ਹੈ

ਦੇਖਿਆ ਜਾਵੇ...!ਤਾਂ ਕੀ ਅਸੀਂ ਸੋਚ ਸਕਦੇ ਹਾਂ ਕਿ ਦੂਜੀਆਂ ਸੰਸਥਾਵਾਂ ਦੇ ਵਿਦਿਆਰਥੀ,ਜਿਨ੍ਹਾਂ ਨੇ ਬਾਣੀ ਨੂੰ ਸੋਧਣ ਦੇ ਹੀਲਿਆਂ ਵਸੀਲਿਆਂ ਦੇ ਘੇਰੇ ਵਿੱਚ ਹੀ ਆਪਣੇ ਆਪ ਨੂੰ ਬੰਨ੍ਹਿਆਂ ਹੋਇਆ ਹੈ।ਕੀ ਉਹ ਆਪਣੀ ਅਕਲ ਤੋਂ ਪਿੱਛਾ ਛੁਡਾ ਕੇ,ਹਉਮੈ ਰਹਿਤ ਹੋ ਕੇ ਬਾਣੀ ਦਾ ਅਨੰਦ ਮਾਣ ਸਕਦੇ ਹਨ?ਜਿਹੜੇ ਲਗਾਂ ਮਾਤਰਾਂ ਨੂੰ ਬਦਲਣ ਦੇ ਚੱਕਰ ਵਿੱਚ ਹੀ ਫਸੇ ਰਹਿੰਦੇ ਹਨ।ਉਨ੍ਹਾਂ ਦੇ ਪ੍ਰੇਮ-ਵੈਰਾਗ ਵਿਚ ਘਾਟਾ ਤਾਂ ਜ਼ਰੂਰ ਪੈਂਦਾ ਹੀ ਹੋਵੇਗਾ...!ਸ਼ਰਧਾ ਤੇ ਪ੍ਰੇਮ-ਵੈਰਾਗ ਦੇ ਹੰਝੂਆਂ ਨੂੰ,ਉਨ੍ਹਾਂ ਦੀ ਸੋਧਣ ਸ਼ਕਤੀ ਰੁੜ੍ਹਾ ਕੇ ਲੈ ਜਾਂਦੀ ਹੋਵੇਗੀ।ਪ੍ਰੇਮ ਵੈਰਾਗ ਦੇ ਸੇਂਜੇ ਤੋਂ ਬਿਨਾਂ, ਬੰਜਰ ਹੋਈ ਦਿਲ ਧਰਤੀ ਉਤੇ ਕਿਹੜੇ ਗੁਲਾਬ ਮਹਿਕਣਗੇ..?

ਇਹ ਠੀਕ ਹੈ ਕਿ ਸਾਡੀ ਅਜ ਦੀ ਬੋਲੀ ਮੁਤਾਬਿਕ ਬਾਣੀ ਵਿਚ ਕੁਝ ਥਾਵਾਂ ਉਤੇ ਲਗਾਂ-ਮਾਤਰਾਂ ਵਿਚ ਤਬਦੀਲੀ ਕਰਨ ਨਾਲ ਜ਼ਿਆਦਾ ਸਮਝ ਆਉਂਦੀ ਹੈ ਤੇ ਆਪ-ਮੁਹਾਰੇ ਹੀ ਸਾਡੇ ਮੂੰਹ ਵਿਚੋਂ ਬਿੰਦੀਆਂ ਟਿਪੀਆਂ ਦੀ ਅਵਾਜ ਨਿਕਲ ਜਾਂਦੀ ਹੈ ਉਦਾਹਰਣ ਵਜੋਂ.....

**ਹਰਣੀ ਹੋਵਾ ਬਨ ਬਸਾ** ਨੂੰ ਸਾਡੇ ਕੋਲੋਂ ਬੇਧਿਆਨੇ ਹੀ ਹਰਣੀ ਹੋਵਾਂ ਬਨ ਬਸਾਂ ਕਹਿ ਹੋ ਜਾਂਦਾ ਹੈ **ਹੋਵਾ** ਨੂੰ **ਹੋਵਾਂ** ਤੇ **ਬਸਾ** ਨੂੰ **ਬਸਾਂ** ਕਹਿਣ ਤੇ ਸਮਝਣ ਵਿਚ ਸਾਨੂੰ ਸੌਖ ਮਹਿਸੂਸ ਹੁੰਦੀ ਹੈ. ਇਸੇ ਸੌਖ ਦੇ ਬਹਾਨੇ ਹੀ ਬਾਣੀ ਦਾ ਸਰੂਪ ਬਦਲਣ ਦੀ ਰੀਤ ਚਲਾਈ ਗਈ ਪਰ ਹੁਣ ਇਸ ਰੀਤ ਦਾ ਨਤੀਜਾ ਸਾਡੇ ਸਾਹਮਣੇ ਹੀ ਹੈ ਕਿ ਬੇਸਮਝ ਲੋਕ ਅਣਜਾਣੇ ਵਿਚ ਹੀ ਬਾਣੀ ਦਾ ਸਰੂਪ ਬਦਲੀ ਜਾ ਰਹੇ ਹਨ ਅਤੇ ਪੰਥ ਦੇ ਦੋਖੀ ਇਸ ਰੀਤ ਦਾ ਫਾਇਦਾ ਉਠਾ ਕੇ ਆਪਣੀਆਂ ਲੂੰਬੜ ਚਾਲਾਂ ਚਲਣ ਵਿਚ ਕਾਮਯਾਬ ਹੋਈ ਜਾ ਰਹੇ ਹਨ

ਦੂਜੇ ਪਾਸੇ ਗੁਰਬਾਣੀ ਦੇ ਪ੍ਰੇਮੀਆਂ ਨੂੰ ਇਹੋ ਜਿਹੀਆਂ ਸੌਖਾਂ ਤੇ ਬੇਧਿਆਨ ਹੋ ਕੇ ਬਾਣੀ ਉਚਾਰਣ ਕਰਨ ਦੀਆਂ ਗਲਾਂ ਚੰਗੀਆਂ ਨਹੀਂ ਲਗਦੀਆਂ,ਉਨ੍ਹਾਂ ਨੂੰ ਧੁਰ ਕੀ ਬਾਣੀ ਦੇ ਗੁਰੂ ਸਰੂਪ ਹੋਣ ਦੀ ਅਟਲ ਸਚਾਈ ਉਤੇ ਭਰੋਸਾ ਹੁੰਦਾ ਹੈ ਤੇ ਉਹ ਆਪਣੀਆਂ ਸਾਰੀਆਂ ਸੋਝੀਆਂ ਗੁਆ ਕੇ ਗੁਰਬਾਣੀ ਦੇ ਨਿਰੰਕਾਰੀ ਸਰੂਪ ਦੇ ਦਰਸ਼ਨ ਕਰਨ ਦਾ ਅਨੰਦ ਮਾਣਦੇ ਹਨ,ਬੜਾ ਹੀ ਚੰਗਾ ਲਗਦਾ ਹੈ ਜਦੋਂ ਅਸੀਂ ਬੜੂ ਸਾਹਿਬ ਦੇ ਬਚਿਆਂ ਦੇ ਮੂਹੋਂ ਬਾਣੀ ਦਾ ਸ਼ੁਧ ਉਚਾਰਣ ਸੁਣਦੇ ਹਾਂ. ਅੰਮ੍ਰਿਤ ਬਾਣੀ ਦੇ ਸਾਗਰ ਵਿਚ ਆਪਣੀ ਮਤ ਦੇ ਛਿਟੇ ਪਾਉਣ ਦੀ ਥਾਂ ਉਹ ਪੂਰੀ ਭੈ ਭਾਵਨੀ ਨਾਲ ਵਾਧੂ ਦੇ ਫੁਰਨਿਆਂ ਤੋਂ ਪਿਛਾ ਛੁਡਾ ਕੇ ਗੁਰਬਾਣੀ ਦੇ ਪ੍ਰਗਟ ਸਰੂਪ ਵਿਚ ਲੀਨ ਹੋਏ ਦਿਖਾਈ ਦਿੰਦੇ ਹਨ,ਗੁਰੂ ਜੀ ਦੇ ਪਿਆਰੇ,ਇਹ ਨਿਕੜੇ ਨਿਕੜੇ ਲਾਲ ਜਦੋਂ ਪ੍ਰੇਮ-ਸ਼ਰਧਾ ਦੀਆਂ ਪੀਂਘਾਂ ਝੂਟਦੇ ਹੋਏ ਬਾਣੀ ਦਾ ਸ਼ੁਧ ਉਚਾਰਣ ਕਰਦੇ ਹਨ ਤਾਂ ਸਤਿਗੁਰੂ ਇਨਾਂ ਦੇ ਸੀਨਿਆਂ ਵਿਚ ਬਾਣੀ ਦੇ ਭਾਵ ਪ੍ਰਗਟ ਕਰਨ ਲਈ ਰਤੀ ਢਿਲ ਨਹੀਂ ਕਰਦਾ।

ਅਕਾਲ ਅਕੈਡਮੀ ਬੜੂ ਸਾਹਿਬ ਦੇ ਬਚਿਆਂ ਦਾ ਤੰਤੀ ਸਾਜਾਂ ਦੀ ਸੰਗਤ ਨਾਲ, ਨਿਰਧਾਰਿਤ ਰਾਗਾਂ ਅਤੇ ਸ਼ੁਧ ਉਚਾਰਣ ਨਾਲ ਕੀਤਾ ਸਾਹਿਜ ਪਾਠ ਇਕ ਅਦੁਤੀ ਮਿਸਾਲ ਹੈ।ਰਾਗਾਂ ਦੇ ਚਲਨ ਨੂੰ ਪੂਰੀ ਤਰ੍ਹਾਂ ਕਾਇਮ ਰਖਿਆ ਗਿਆ ਹੈ ਪਰ ਰਾਗ ਵਿਦਿਆ ਵਿਚ ਨਿਪੁੰਨਤਾ ਦਾ ਦਿਖਾਵਾ ਕਰਨ ਲਈ ਗੁੰਝਲਦਾਰ ਤਾਨਾਂ, ਅਲਾਪ ਅਤੇ ਸ਼ਾਸਤਰੀ ਸੰਗੀਤ ਦੀਆਂ

ਹੋਰ ਖੂਬੀਆਂ ਦਿਖਾ ਕੇ ਸੰਗੀਤ ਨੂੰ ਬਾਣੀ ਉਤੇ ਹਾਵੀ ਨਹੀਂ ਹੋਣ ਦਿਤਾ ਗਿਆ।ਸਗੋਂ ਰਾਗ ਵਿਦਿਆ ਨੂੰ ਬਾਣੀ ਦੇ ਭਾਵ ਪ੍ਰਗਟ ਕਰਨ ਲਈ ਹੀ ਵਰਤਿਆ ਗਿਆ ਹੈ ਇਉਂ ਲਗਦਾ ਹੈ ਜਿਵੇਂ ਗੁਰਮਤਿ ਸੰਗੀਤ ਰੂਪੀ ਫੁਲਾਂ ਲਦੀ ਬੇੜੀ ਵਿਚ ਬੈਠੇ ਅਕਾਲ ਅਕੈਡਮੀ ਦੇ ਗੁਰਸਿਖ ਬਚੇ ਧੁਰ ਕੀ ਬਾਣੀ ਅਲਾਪਦੇ ਹੋਏ ਸੰਸਾਰ ਰੂਪੀ ਭਵ ਸਾਗਰ ਨੂੰ ਪਾਰ ਕਰਦੇ ਹੋਏ, ਰਜ ਰਜ ਕੇ ਅਨਾਹਦ ਬਾਣੀ ਦੀ ਮਿਠਾਸ ਚਖ ਰਹੇ ਹਨ ਤੇ ਦੇਖਣ ਸੁਣਨ ਵਾਲਿਆਂ ਦਾ ਵੀ ਮੂੰਹ ਮਿਠਾ ਕਰਵਾਈ ਜਾ ਰਹੇ ਹਨ। ਟੈਲੀਵੀਯਨ ਰਾਹੀਂ ਦੇਸ਼ਾਂ ਵਿਦੇਸ਼ਾਂ ਵਿਚ ਪ੍ਰਸਾਰਿਤ ਕੀਤੇ ਜਾ ਰਹੇ **ਅਨਾਹਦ ਬਾਣੀ** ਪ੍ਰੋਗਰਾਮ ਵਿਚ ਬਾਣੀ ਅਤੇ ਬਾਣੇ ਦੇ ਧਾਰਣੀ ਬਚੇ ਗੁਰ-ਫੁਰਮਾਨਾਂ ਉਤੇ ਪੂਰੇ ਉਤਰੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਚੇ ਸੁਚੇ ਦਰਬਾਰ ਦੀ ਹਾਜਰੀ ਭਰਦੇ ਹੋਏ ਇਹ ਦੁਧ-ਚਿਟੇ ਰਾਜ ਹੰਸ ਭਗਤੀ ਭਾਵਨਾਂ ਦਾ ਨਮੂਨਾਂ ਦਿਖਾਈ ਦਿੰਦੇ ਹਨ ਕਿਉਂਕਿ ਪਰਮ ਹੰਸ ਬਾਬਾ ਇਕਬਾਲ ਸਿੰਘ ਜੀ ਇਨ੍ਹਾਂ ਨੂੰ ਕੀਰਤਨ ਰੂਪੀ ਨਿਰਮੋਲਿਕ ਹੀਰਿਆਂ ਦੇ ਨਾਲ ਨਾਲ ਪ੍ਰੇਮਾ-ਭਗਤੀ,ਸੇਵਾ ਸਿਮਰਨ ਤੇ ਗੁਰਸਿਖੀ ਜੀਵਨ ਦੇ ਉਚੇ ਸੁਚੇ ਗੁਣਾਂ ਵਾਲਾ ਹੰਸਾਂ ਦਾ ਚੋਗ ਚੁਗਾਉਂਦੇ ਹਨ।ਬਾਬਾ ਜੀ ਦੇ ਅਸ਼ੀਰਵਾਦ ਨਾਲ ਇਹ ਗਰੂ ਦੇ ਦੁਲਾਰੇ ਬਾਲ ਤੇ ਬਾਲੜੀਆਂ ਧੁਰ ਕੀ ਬਾਣੀ ਰਾਹੀਂ ਸਾਨੂੰ ਵਿਸਮਾਦੀ ਰੰਗਾਂ ਦੀ ਜਾਣ ਪਛਾਣ ਕਰਵਾਉਂਦੇ ਹਨ।ਅਨਹਦ ਬਾਣੀ ਦੇ ਰੰਗ ਵਿਚ ਰੰਗੇ ਹੋਇਆਂ ਦੇ ਚੇਹਰਿਆਂ ਦੇ ਪ੍ਰੇਮ ਪ੍ਰਕਾਸ਼ ਵਿਚੋਂ ਬਾਣੀ ਦੇ ਅੰਤ੍ਰੀਵ ਭਾਵ ਡੁਲ੍ਹ ਡੁਲ੍ਹ ਪੈਂਦੇ ਹਨ ।ਬਾਣੀ ਦੇ ਅਰਥ ਦਸਣ ਜਾਂ ਪੁਛਣ ਦੀ ਲੋੜ ਨਹੀਂ ਰਹਿੰਦੀ।ਬਾਣੀ ਦੇ ਅਰਥ ਇਨ੍ਹਾਂ ਦੀ ਸੁਰੀਲੀ ਅਵਾਜ਼ ਰਾਹੀਂ ਛਲਕਦੇ ਹਨ।ਸ਼ੁਧ ਉਚਾਰਣ ਦੇ ਬੋਲਾਂ ਰਾਹੀਂ ਟਪਕਦੇ ਹਨ ਤੇ ਚੇਹਰਿਆਂ ਦੇ ਹਾਵਾਂ ਭਾਵਾਂ ਰਾਹੀਂ ਪ੍ਰਗਟ ਹੁੰਦੇ ਦਿਸ ਪੈਂਦੇ ਹਨ।ਦਿਲਾਂ ਉਤੇ ਅਸਰ ਕਰ ਜਾਂਦੇ ਹਨ।ਸੰਤ ਬਾਬਾ ਇਕਬਾਲ ਸਿੰਘ ਜੀ ਦੀ ਸੰਗਤ ਵਿਚ ਹੋ ਰਹੇ ਨਾਮ ਬਾਣੀ ਦਾ ਪ੍ਰਕਾਸ਼ ਧਰਤੀ ਦੇ ਸੀਨੇ ਠੰਡ ਪਾਉਂਦਾ ਹੈ.ਘੋਰ ਕਲਿਯੁਗ ਦੇ ਅਸਰਾਂ ਦੀ ਤਪਸ਼ ਮਿਟਾਉਣ ਲਈ,ਹਵਾ ਵਿਚ ਅੰਮ੍ਰਿਤ ਬੂੰਦਾਂ ਬਣ ਕੇ ਠੰਡ ਵਰਸਾਉਂਦਾ ਹੈ।

ਸੋਚੋ ਤਾਂ ਭਲਾ..!ਜੇ ਇਨ੍ਹਾਂ ਬਚਿਆਂ ਦੇ ਦਿਲਾਂ ਵਿਚ ਬਾਣੀ ਦੀ ਉਚਮਤਾ,ਸੁਚਮਤਾ ਅਤੇ ਪਵਿਤ੍ਰਤਾ ਤੋਂ ਘੋਲ ਘੁਮਾਈ ਹੋਣ ਦੀ ਥਾਂ ਬਾਣੀ ਨੂੰ ਸੋਧਣ ਦੀ ਹਉਮੈ,ਡਿਗਰੀਆਂ ਦੀ ਲਾਲਸਾ ਤੇ ਸ਼ੁਹਰਤ ਦੀ ਭੁਖ ਵੜੀ ਹੋਈ ਹੁੰਦੀ ਤਾਂ ਕੀ ਇਹ ਚਿਟੇ ਹੰਸ ਤੋ ਸਕਦੇ ਸੀ?ਜੇ ਇਹ ਗੁਰੂ ਜੀ ਦੇ ਹੁਕਮਾਂ ਦੀ ਉਲੰਘਣਾ ਕਰਕੇ ਨਿਰਧਾਰਿਤ ਰਾਗਾਂ ਦੀ ਥਾਂ ਮਨ ਘੜਤ ਧੁਨੀਆਂ ਜਾਂ ਫਿਲਮੀ ਗੀਤਾਂ ਦੀਆਂ ਧੁਨੀਆਂ ਉਤੇ ਬਾਣੀ ਅਲਾਪ ਰਹੇ ਹੁੰਦੇ ਤਾਂ ਕੀ ਇਨ੍ਹਾਂ ਦੇ ਕੀਰਤਨ ਨੂੰ ਗੁਰਮਤਿ ਸੰਗੀਤ ਕਿਹਾ ਜਾ ਸਕਦਾ ਸੀ...?ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੁਰਗਦੀ ਉਤੇ ਬਿਰਾਜਮਾਨ ਗਿਆਰਵੀਂ ਪਾਤਿਸ਼ਾਹੀ ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਤਾਬਿਆ ਵਿਚ ਬੈਠ ਕੇ ਜਦੋਂ ਇਹ ਨਿਰਧਾਰਿਤ ਰਾਗਾਂ ਰਾਹੀਂ ਗੁਰਬਾਣੀ ਦਾ ਸ਼ੁਧ ਉਚਾਰਣ ਕਰਦੇ ਹਨ ਤਾਂ ਖੰਡਾਂ ਬ੍ਰਹਮੰਡਾਂ ਦਾ ਮਾਲਿਕ ਇਨ੍ਹਾਂ ਦੇ ਹਿਰਦਿਆਂ ਵਿਚ ਅੰਮ੍ਰਿਤ ਰਸ ਘੋਲ ਕੇ ਬਾਣੀ ਦੇ ਭਾਵ ਪ੍ਰਗਟ ਕਰ ਦਿੰਦਾ ਹੈ।ਦੇਖਣ ਸੁਣਨ ਵਾਲੇ ਵੀ ਨਿਹਾਲ ਹੋ ਜਾਂਦੇ ਹਨ।ਬਾਣੀ ਦੇ ਅਰਥ ਜਾਨਣ ਲਈ ਲਗਾਂ ਮਾਤਰਾਂ ਵਿਚ ਹੇਰਾ ਫੇਰੀ ਕਰਨ ਦੀ ਜਰੂਰਤ ਨਹੀਂ ਰਹਿੰਦੀ।ਸਚੀ ਲਗਨ ਤੇ ਪ੍ਰੇਮ ਦੀਵਾਨਗੀ ਨਾਲ ਇਨ੍ਹਾਂ ਨੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ ਹਨ. ਕਈ ਅਭਿਆਸੀ ਬਚੇ ਇਕ ਇਕ ਚੋਂਕੜੇ ਉਤੇ ਸ੍ਰੀ ਅਖੰਡ ਪਾਠ ਸਾਹਿਬ ਦਾ ਸੰਪੂਰਨ ਪਾਠ ਕਰਨ ਦੇ ਸਮਰਥ ਹੋਣ ਦੀਆਂ ਬਖਸ਼ਿਸ਼ਾਂ ਨੂੰ ਪ੍ਰਾਪਤ ਹਨ ਅਤੇ ਕਈ ਨਾਮ ਬਾਣੀ ਦੇ ਰੰਗ ਵਿਚ ਰੰਗੇ ਹੋਏ ਚਾਤ੍ਰਿਕ ਮਨ ਦੀ ਪਿਆਸ ਨਾਲ ਬਾਬਾ ਇਕਬਾਲ ਸਿੰਘ ਜੀ ਕੋਲ ਜਾਂਦੇ ਹਨ।ਪ੍ਰੇਮ ਬਾਣੀ ਦੇ ਗੂੜ੍ਹੇ ਰੰਗਾਂ ਵਿਚ

ਨੁਚੜਦੇ ਹੋਏ ਆਪਣੇ ਪਿਆਰੇ ਬਾਬਾ ਜੀ ਨੂੰ ਅਕਾਲ ਪੁਰਖ ਅਗੇ ਅਰਦਾਸ ਕਰਨ ਲਈ ਬੇਨਤੀ ਕਰਦੇ ਹਨ ਕਿ ਦਾਤਾਰ ਪਿਤਾ ਉਨ੍ਹਾਂ ਨੂੰ ਵੀ ਇਕ ਚੌਂਕੜੇ ਉਤੇ ਪੂਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪੂਰਾ ਪਾਠ ਕਰਨ ਦੇ ਸਮਰਥਾ ਬਖਸ਼ੇ।

ਵਾਹਿਗੁਰੂ ਕਿਰਪਾ ਕਰਕੇ ਬੜੂ ਸਾਹਿਬ ਦੀ ਖੇਤੀ ਨੂੰ ਰੰਗ ਲਾਵੇ!ਇਥੋਂ ਦੀ ਫਸਲ ਨੇ ਅੰਮ੍ਰਿਤ ਬਾਣੀ ਦੀਆਂ ਸੁੱਚੀਆਂ ਬੂੰਦਾਂ ਦੇ ਮੀਂਹ ਵਰ੍ਹਾਉਣੇ ਹਨ।ਇਨ੍ਹਾਂ ਗੁਰੂ ਦੇ ਲਾਲਾਂ ਨੇ ਬਾਣੀ ਨੂੰ ਅਨਹਦੀ ਰਾਗਾਂ ਦੇ ਸੁੱਚੇ ਸੁਰਾਂ ਵਿੱਚ ਗਾ ਕੇ ਗੰਧਰਵਾਂ ਦੇ ਸੰਗੀਤ ਨੂੰ ਵੀ ਮਾਤ ਕਰ ਦੇਣਾਂ ਹੈ।

ਯੂ ਕੇ ਵਿਚ ਪ੍ਰੋ: ਸੁਰਿੰਦਰ ਸਿੰਘ ਜੀ ਰਾਜ ਅਕੈਡਮੀ ਰਾਹੀਂ ਅਦੁਤੀ ਸੇਵਾ ਨਿਭਾ ਰਹੇ ਹਨ।ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀ ਵਾਰ ਸਰੂਪ ਦੀ ਇਲਾਹੀ ਬਾਣੀ ਦੇ ਸ਼ੁਧ ਉਚਾਰਣ ਵਿਚ ਪ੍ਰਪਕ ਹੋ ਕੇ ਗੁਰ ਫੁਰਮਾਨਾਂ ਉਤੇ ਪੂਰੇ ਉਤਰਨ ਲਈ ਤੰਤੀ ਸਾਜਾਂ ਦੀ ਸੰਗਤ ਨਾਲ ਨਿਰਧਾਰਿਤ ਰਾਗਾਂ ਵਿਚ ਕੀਰਤਨ ਕਰਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰ ਰਹੇ ਹਨ. ਬਿਦੇਸ਼ਾਂ ਦੇ ਭੁਲੇ ਭਟਕੇ ਕਲਿਯੁਗੀ ਜੀਵਾਂ ਨੂੰ ਅਨਹਦੀ ਧੁਨੀਆਂ ਨਾਲ ਅੰਤਰ ਆਤਮੇ ਠੰਡ ਪੈਣ ਦੇ ਅਨੁਭਵ ਕਰਵਾ ਰਹੇ ਹਨ।ਨਾਦ ਯੋਗ ਦੇ ਗਿਆਨ ਪ੍ਰਾਪਤੀ ਨਾਲ,ਅੰਮ੍ਰਿਤ ਬਾਣੀ ਦੇ ਪ੍ਰਭਾਵ ਪ੍ਰਗਟ ਹੋਣ ਦੀ ਸਚਾਈ ਦੇਖ ਕੇ ਦੇਸ਼ਾਂ ਵਿਦੇਸ਼ਾਂ ਵਿਚ ਹਜਾਰਾਂ ਵਿਦਿਆਰਥੀ ਰਾਜ ਅਕੈਡਮੀ ਤੋਂ ਲਾਭ ਪ੍ਰਾਪਤ ਕਰ ਰਹੇ ਹਨ।ਇੰਟਰ ਨੈਟ ਅਤੇ ਟੈਲੀਵੀਯਨ ਰਾਹੀਂ ਵੀ ਪ੍ਰੋ: ਸੁਰਿੰਦਰ ਸਿੰਘ ਜੀ ਨੇ ਗੁਰਮਤਿ ਸੰਗੀਤ ਦੇ ਪਰਚਾਰ ਦਾ ਯਤਨ ਸ਼ਲਾਘਾ ਯੋਗ ਹੈ।

ਵਿਦਿਅਕ ਅਦਾਰਿਆਂ ਵਿਚ ਯੂਥਫੈਸਟੀਵਲ ਦੇ ਗੀਤ ਸੰਗੀਤ ਪ੍ਰੋਗਰਾਮ ਵਿਚ ਤੰਤੀ ਸਾਜਾਂ ਦੀ ਸੰਗਤ ਨਾਲ ਨਿਰਧਾਰਿਤ ਰਾਗਾਂ ਵਿਚ ਗੁਰਬਾਣੀ ਸ਼ਬਦ ਗਾਇਨ ਦਾ ਵਿਸ਼ਾ ਵੀ ਸ਼ਾਮਿਲ ਹੈ।ਹਰ ਸਾਲ ਕੁਝ ਚੋਣਵੇਂ ਵਿਦਿਆਰਥੀ ਗੁਰਮਤਿ ਸੰਗੀਤ ਦੀ ਪਛਾਣ ਕਰਵਾਉਣ ਵਿਚ ਸਫਲਤਾ ਪ੍ਰਾਪਤ ਕਰਦੇ ਹਨ।ਇਹ ਵੀ ਇਕ ਚੰਗਾ ਉਪਰਾਲਾ ਹੈ।ਪੰਜਾਬੀ ਯੁਨੀਵਰਸਿਟੀ ਦੇ ਸੰਗੀਤ ਵਿਭਾਗ ਦੇ ਹੈਡ ਪ੍ਰੋ: ਗੁਰਨਾਮ ਸਿੰਘ ਅਤੇ ਕਈ ਹੋਰ ਸੰਗੀਤ ਪ੍ਰੇਮੀਆਂ ਨੇ ਵੀ ਗੁਰਬਾਣੀ ਦੇ ਸ਼ੁਧ ਉਚਾਰਣ ਅਤੇ ਤੰਤੀ ਸਾਜਾਂ ਨਾਲ ਨਿਰਧਾਰਿਤ ਰਾਗਾਂ ਰਾਹੀਂ ਗੁਰਬਾਣੀ ਗਾਇਨ ਕਰਨ ਦੇ ਪ੍ਰਚਾਰ ਦੀ ਸੇਵਾ ਨਿਭਾਈ ਹੈ ਤੇ ਨਿਭਾ ਰਹੇ ਹਨ।

ਜੇਕਰ ਬੜੂ ਸਾਹਿਬ ਅਕੈਡਮੀ ਦੇ ਬੱਚੇ ਬਾਣੀ ਦਾ ਸ਼ੁੱਧ ਉਚਾਰਣ ਕਰਕੇ ਬਾਣੀ ਦੇ ਰੰਗ ਰਸ ਦੀਆਂ ਬਰਸਾਤਾਂ ਨਾਲ ਸਰਸ਼ਾਰ ਹੋ ਕੇ ਸਰੋਤਿਆਂ ਨੂੰ ਅੰਮ੍ਰਿਤ ਬਾਣੀ ਦੇ ਰੰਗਾਂ ਵਿੱਚ ਰੰਗ ਸਕਦੇ ਹਨ ਤਾਂ ਸਾਡੇ ਸਿਆਣੇ ਬਿਆਣੇ ਧਰਮ ਪ੍ਰਚਾਰਕਾਂ ਨੂੰ ਸ਼ੁਧ ਉਚਾਰਣ ਕਰਨਾਂ ਐਨਾ ਔਖਾ ਕਿਉਂ ਲਗਦਾ ਹੈ? ਉਨ੍ਹਾਂ ਨੂੰ ਬਾਣੀ ਦਾ ਰੰਗ ਰੂਪ ਵਿਗਾੜਨ ਦੀ ਕੀ ਜ਼ਰੂਰਤ ਹੈ?ਪ੍ਰਚੀਨ ਕਾਲ ਵਿਚ ਧਰਮ ਪ੍ਰਚਾਰਕਾਂ ਵਲੋਂ ਕੁਝ ਸਖਤੀ ਦੇ ਨਿਯਮ ਬਣਾਉਣ ਨਾਲ ਵੇਦਾਂ ਦਾ ਮੂਲ ਰੂਪ ਬਚਾਉਣ ਵਿੱਚ ਕਾਮਯਾਬੀ ਹੋਈ ਸੀ।ਇਸ ਵੇਲੇ ਸਾਨੂੰ ਵੀ ਕੁਝ ਇਹੋ ਜਿਹਾ ਕਰਨ ਦੀ ਜਰੂਰਤ ਹੈ

ਗੁਰੂ ਅਰਜਨ ਦੇਵ ਜੀ ਨੂੰ ਤੇ ਹੋਰ ਦੂਜੇ ਗੁਰੂਆਂ ਨੂੰ ਕਿੰਨੇ ਦੁੱਖ ਸਹਾਰਨੇ ਪਏ ਸੀ?ਉਹੀ ਬੰਦੇ ਜਿਹੜੇ ਗੁਰੂਆਂ ਨੂੰ ਦੁੱਖ ਦਿੰਦੇ ਸੀ।ਉਹੋ ਜਿਹੇ, ਚੰਦੂ ਵਰਗੇ ਹੀ ਅੱਜ ਸ੍ਰੀ ਗਰੂ ਗ੍ਰੰਥ ਸਾਹਿਬ ਜੀ ਦੇ ਦੋਖੀ ਬਣੇ ਹੋਏ ਹਨ।

ਸਿਮਰਨ ਦੇ ਰੰਗਾਂ ਵਿਚ ਰੰਗੇ ਹੋਏ ਨਾਮ ਬਾਣੀ ਦੇ ਰਸੀਆਂ ਦਾ ਵਿਸ਼ਵਾਸ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹੋਂਦ ਨੂੰ ਕੋਈ ਖਤਰਾ ਨਹੀਂ ਹੈ,.ਕਈਆਂ ਦਾ ਵਿਸ਼ਵਾਸ ਹੈ ਕਿ ਆਉਣ ਵਾਲੇ ਭਵਿੱਖ ਵਿੱਚ, ਲੋਕਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਗਟ ਰੂਪ ਵਿੱਚ ਹੋਣ ਦਾ ਗਿਆਨ ਹੋ ਜਾਵੇਗਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਿਆਰ ਵਿੱਚ ਲੱਟੂ ਹੋਏ ਅਮਰੀਕਨ ਸਿੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਦਿਲ ਜਾਨ ਨਾਲ ਪਿਆਰ ਕਰਦੇ ਹਨ। ਇਲਾਹੀ ਬਾਣੀ ਦੇ ਭੇਦ ਜਾਨਣ ਲਈ ਸਹੀ ਤਰੀਕੇ ਨਾਲ ਖੋਜ ਕਰਦੇ ਹਨ ਤੇ ਪੂਰਨ ਅਦਬ ਸਤਿਕਾਰ ਨਾਲ ਸ਼ੁੱਧ ਉਚਾਰਣ ਕਰਦੇ ਹਨ। ਬਿਦੇਸ਼ੀ ਬੋਲੀ ਬੋਲਣ ਵਾਲੇ ਬਾਣੀ ਦੇ ਉਚਾਰਣ ਨੂੰ ਬਦਲਣ ਦਾ ਸੁਪਨਾ ਭੀ ਨਹੀਂ ਲੈ ਸਕਦੇ। ਗੁਰੂ ਇਤਿਹਾਸ ਦੀ ਖੋਜ ਕਰਦੇ ਹੋਏ ਉਹ ਗੁਰੂਆਂ ਦੇ ਜੀਵਨ ਕਾਲ ਸਮੇ ਦੀ ਸਭਿਅਤਾ ਓਤੇ ਸਭਿਆਚਾਰ ਦਾ ਅਧਿਅਨ ਕਰਨ ਪਿਛੋਂ ਹੀ ਗੁਰਬਾਣੀ ਦੇ ਅਰਥ ਅਤੇ ਬੋਲੀ ਦੇ ਭਾਵ ਸਮਝਣ ਵਿਚ ਸਮਰਥ ਹੋਣ ਲਈ ਇਮਾਨਦਾਰੀ ਨਾਲ ਘਾਲਣਾਂ ਘਾਲਦੇ ਹਨ.